ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-24 ਨੰਬਰ-20

31 ਹਾੜ੍ਹ ਤੋਂ 5 ਸਾਵਣ 2073 - 14 to 20 July 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਸਾਬਤ ਕਦਮ



ਨੇਕ ਬੰਦੇ ਲਈ ਜ਼ਰੂਰੀ ਹੈ ਕਿ ਉਹ ਆਪਣੀ ਨੇਕੀ ਦਾ ਜੱਜ ਆਪ ਬਣਨ ਦੀ ਕੋਸ਼ਸ਼ ਕਰੇ । ਵਿਚਾਰਹੀਨ ਬੰਦਾ ਭਾਵੇਂ ਕਿੰਨਾ ਨੇਕ ਹੋਵੇ ਨੇਕੀ ਦੇ ਰਸਤੇ ਤੋਂ ਸਹਿਜੇ ਹੀ ਥਿੜਕ ਸਕਦਾ ਹੈ । ਸਾਬਤ ਕਦਮ ਰਹਿਣ ਲਈ ਸਧਾਰਨ ਵਿਚਾਰਕਤਾ ਨੂੰ ਕਦੇ ਨਹੀਂ ਤਿਆਗਣਾ ਚਾਹੀਦਾ ।



ਸ੍ਰੀ ਸਤਿਗੁਰੂ ਜੀ ਨੂੰ 33ਵੇਂ ਵਾਰਸ਼ਿਕ ਸੰਮੇਲਨ ਦੇ ਉਦਘਾਟਨ ਸਮੇਂ ਯਾਦਗਾਰੀ ਚਿੰਨ੍ਹ ਭੇਟ ਕਰਦੇ ਪ੍ਰਧਾਨ ਬੀਬੀ ਸੁਖਜੀਤ ਕੌਰ, ਕੁਲਵੰਤ ਕੌਰ, ਅਮਰਜੀਤ ਕੌਰ ਅਤੇ ਨਰਿੰਦਰ ਕੌਰ ।



ਸਰਵੋਤਮ ਜਥਾ, ਜਲੰਧਰ



ਅਨੁਸ਼ਾਸਿਤ ਜਥਾ, ਸ੍ਰੀ ਗੁਰੂ ਹਰੀ ਸਿੰਘ ਮਹਾ ਵਿਦਿਆਲਾ



ਸਰਵੋਤਮ ਮੈਂਬਰ: ਮਾਤਾ ਚੰਦ ਕੌਰ ਪੁਰਸਕਾਰ ਆਤਮਾ ਕੌਰ ਭੁਰਜੀ, ਦਿੱਲੀ

# ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦਾ 33ਵਾਂ ਵਾਰਸ਼ਿਕ ਸੰਮੇਲਨ ਸੰਪੰਨ



ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੇ ਉਦਘਾਟਨੀ ਸਮਾਰੋਹ ਸਮੇਂ ਬੱਚੀਆਂ ਸ਼ਬਦ ਗਾਇਨ ਕਰਦੀਆਂ ਹੋਇਆ ।

**ਸ੍ਰੀ ਭੈਣੀ ਸਾਹਿਬ 24 ਜੂਨ:** ਸ੍ਰੀ ਸਤਿਗੁਰੂ ਨਾਨਕ ਦੇਵ ਜੀ ਜਿਨਾਂ ਨੇ ਕਲਜੁਗ ਵਿਚ ਅਵਤਾਰ ਧਾਰਿਆ ਤੇ ਉਸ ਸਮੇਂ ਇਸਤਰੀ ਦੀ ਹਾਲਤ ਅਤਿ ਤਰਸਯਸੋਗ ਸੀ। ਤਾਂ ਆਪ ਨੇ ਉਨ੍ਹਾਂ ਕੇ ਹੱਕ ਵਿਚ ਆਵਾਜ਼ਬੁਲੰਦ ਕੀਤੀ।

**ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ।।**

ਗੁਰਬਾਣੀ ਦੀ ਇਸ ਤੁਕ ਨੂੰ ਅਮਲੀ ਜਾਮਾਂ ਪਹਿਨਾਉਂਦੇ ਹੋਏ ਜੁਗ ਪਲਟਾਊ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਦੇਸ਼ ਤੋਂ ਭੇਜੇ ਹੋਏ ਇਕ ਹੁਕਮਨਾਮੇ ਵਿਚ ਸੰਗਤ ਨੂੰ ਸੁਚੇਤ ਕਰਦੇ ਹੋਏ ਹੁਕਮ ਕੀਤਾ ਕਿ

**"ਜੋ ਲੜਕੀ ਮਾਰੇ, ਵੇਚੇ, ਵਟਾ ਕਰੇ ਉਸ ਦੇ ਘਰ ਦਾ, ਹੱਥ ਦਾ ਅਨੰ ਜਲ ਨਹੀਂ ਵਰਤਨਾ।"**

ਬੇਸ਼ਿਕ ਹਿੰਦੁਸਤਾਨ ਦੀ ਵਰਤਮਾਨ ਸਰਕਾਰ ਵਲੋਂ ਬੜੇ ਜ਼ੋਰ ਸ਼ੋਰ ਨਾਲ ਨਾਅਰਾ ਲਾਇਆ ਜਾ ਰਿਹਾ ਹੈ - **"ਬੇਟੀ ਬਚਾਓ ਬੇਟੀ ਪੜਾਓ"**। ਪ੍ਰਤੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਤਕਰੀਬਨ 150 ਸਾਲ ਪਹਿਲਾਂ ਹੀ ਸੰਗਤ ਨੂੰ ਹੁਕਮ ਕੀਤਾ ਸੀ-

**"ਲੜਕੇ ਲੜਕੀ ਨੂੰ ਗੁਰਮੁੱਖੀ ਅੱਖਰ ਪੜਾਉਣੇ ਹੋਸ਼ ਆਉਂਦੀ ਦੇ ਨਾਲ"।**

ਭਾਵ ਕਿ ਵਿਦਿਆ ਪ੍ਰਾਪਤੀ ਦਾ ਅਧਿਕਾਰ ਮਰਦ ਅਤੇ ਇਸਤਰੀ ਨੂੰ ਬਰਾਬਰ ਦਾ ਦਿੱਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਹੁਕਮਾਂ ਨੂੰ ਸਾਕਾਰ ਕਰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਥੇ ਨੌਜਵਾਨ ਲੜਕਿਆਂ ਦਾ ਵਾਰਸ਼ਿਕ ਸੰਮੇਲਨ ਆਰੰਭ ਕੀਤਾ ਉਥੇ ਲੜਕੀਆਂ ਦਾ ਵੀ ਵਿਦਿਅਕ ਸੰਮੇਲਨ ਸ਼ੁਰੂ ਕਰਨ ਦੀ ਕਿਰਪਾ ਕੀਤੀ। ਜਿਸ ਵਿਚ ਸ਼ੁੱਧ ਗੁਰਬਾਣੀ, ਨਾਮ ਸਿਮਰਨ, ਅਰਦਾਸ ਅਤੇ ਨਾਮਧਾਰੀ ਮਰਯਾਦਾ ਅਨੁਸਾਰ ਲੰਗਰ ਤਿਆਰ ਕਰਨ ਦੇ ਨਾਲ ਨਾਲ ਸਫਲ ਜੀਵਨ ਜਿਉਣ ਦੀ ਜਾਚ ਸਿਖਾਈ ਜਾਂਦੀ ਹੈ। ਹਰ ਸਾਲ ਹੋਣ ਵਾਲੇ ਇਸ ਵਿਦਿਅਕ ਸੰਮੇਲਨ ਵਿਚ ਸੈਂਕੜੇ ਨਹੀਂ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਲੜਕੇ ਲੜਕੀਆਂ ਆਪਣੇ ਸਤਿਗੁਰੂ ਦੇ ਹੁਕਮ ਮੁਤਾਬਿਕ ਇਸ ਸੰਮੇਲਨ ਵਿਚ ਹਾਜ਼ਰ ਹੋ ਕੇ ਮਾਣ ਮਹਿਸੂਸ ਕਰਦੇ ਹਨ। (ਬਾਕੀ ਸਫਾ 2 'ਤੇ)

ਸਤਿਜੁਗ
ਕਲਿਜੁਗ ਮੈ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਸੋਭਾਵੰਤੀ ਨਾਰਿ ਹੈ

ਅਕਾਲ ਪੁਰਖ ਦੇ ਬਣਾਏ ਨੇਮਾ ਅਨੁਸਾਰ ਸੰਸਾਰ ਦੀ ਉਤਪਤੀ ਤੇ ਵਿਕਾਸ ਵਿੱਚ ਇਸਤਰੀ-ਪੁਰਸ਼ ਦੋਵਾਂ ਦਾ ਹੱਥ ਹੈ। ਸਿਰਫ ਮਨੁੱਖੀ ਜੂਨ ਦੀ ਗੱਲ ਨਹੀਂ ਬਾਕੀ ਜੀਵ-ਜੰਤੂ, ਪਸ਼ੂ-ਪੰਛੀ ਦੀ ਹੋਂਦ ਦੋਵਾਂ ਧਿਰਾਂ ਨਾਲ ਹੀ ਹੈ। ਸ਼ੇਰ ਹੈ ਤਾ ਸ਼ੇਰਨੀ-ਹੰਸ ਹੈ ਤਾ ਹੰਸਣੀ ਆਦਿ ਇਸੇ ਤਰ੍ਹਾਂ ਹੋਰ। ਧਰਤੀ ਤੇ ਉਸ ਵਿੱਚ ਉੱਗਣ ਵਾਲੇ ਬੀਜਾਂ ਨੂੰ ਵੀ ਇਸ ਦੇ ਨੇੜੇ ਹੀ ਵੇਖਿਆ ਜਾ ਸਕਦਾ ਹੈ। ਦੋਹਾ ਧਿਰਾਂ ਦੇ ਮੇਲ ਨਾਲ ਹੀ ਜ਼ਿੰਦਗੀ ਸ਼ੁਰੂ ਹੁੰਦੀ ਹੈ, ਉਪਜਦੀ ਹੈ ਤੇ ਵਿਕਾਸ ਕਰਦੀ ਹੈ। ਪਰ ਸਭ ਕੁੱਝ ਨੂੰ ਇੱਕ ਖ਼ਾਸ ਦਿਸ਼ਾ ਪ੍ਰਦਾਨ ਕਰਨ ਵਿੱਚ ਮਨੁੱਖ ਦਾ ਵਿਸ਼ੇਸ਼ ਹਿੱਸਾ ਹੈ। ਮਨੁਖ ਤੋਂ ਭਾਵ ਇਸਤਰੀ ਅਤੇ ਮਰਦ। ਜੇ ਘਰ ਵਿੱਚ ਨਾਰਿ ਸੋਭਾਵੰਤੀ ਹੈ, ਇਸਤਰੀ ਚੰਗੀ ਹੈ, ਗੁਣਵਾਨ ਹੈ ਤਾਂ ਉਸ ਪਰਵਾਰ ਦੀ ਸੋਭਾ ਚੁੰਹ ਕੁੰਟੀ ਫੈਲਦੀ ਹੈ। ਹਰ ਕੋਈ ਐਸੇ ਪਰਵਾਰ ਨਾਲ ਜੁੜ ਕੇ ਮਾਣ ਮਹਿਸੂਸ ਕਰਦਾ ਹੈ।

ਮਨੁੱਖ ਨੇ ਆਪਣੇ ਆਲੇ ਦੁਆਲੇ ਨੂੰ ਚੰਗੇਰਾ ਬਣਾਉਣ ਲਈ ਸਮਾਜ ਦੀ ਸਿਰਜਨਾ ਕੀਤੀ। ਉਸ ਸਮਾਜ ਦੇ ਨਿਯਮ ਬਣੇ, ਜਿਹਨਾਂ ਵਿੱਚ ਲੋੜ ਅਨੁਸਾਰ ਤਬਦੀਲੀਆਂ ਹੋਈਆ, ਸੁਧਾਰ ਹੋਏ ਅਤੇ ਚੰਗਾ ਸਮਾਜ ਸਿਰਜਨ ਵੱਲ ਕਦਮ ਵਧਦੇ ਗਏ ਘਰਾਂ ਪਰਵਾਰਾਂ ਦੇ ਸੁਖ ਬਣਦੇ ਗਏ।

ਚੰਗੇ ਸਮਾਜ ਦੇ ਮੁਢ ਵਿੱਚ ਘਰ ਹੈ, ਪਰਵਾਰ ਹੈ। ਜੇ ਘਰ ਹੈ ਤਾਂ ਉਸ ਦਾ ਕੋਈ ਘਰਵਾਲਾ ਹੈ, ਕੋਈ ਘਰਵਾਲੀ ਹੈ। ਭਾਵ ਨਾਰਿ-ਭਤਾਰ ਦਾ ਰਿਸ਼ਤਾ ਹੈ। ਇਹੀ ਰਿਸ਼ਤਾ ਪਰਵਾਰ ਦੇ ਵੱਧਣ ਫੁੱਲਣ ਪੁੱਤਰਾਂ-ਧੀਆਂ, ਉਹਨਾਂ ਦੇ ਘਰ ਬਣਾਉਣ ਅਤੇ ਵੱਧਣ ਫੁੱਲਣ ਦਾ ਰਾਹ ਮੋਕਲਾ ਕਰਦਾ ਹੈ। ਘਰ ਵਿੱਚ ਬੇਸ਼ਕ ਮਨੁੱਖ ਦਾ, ਆਦਮੀ ਦਾ ਵੱਡਾ ਹਿੱਸਾ ਹੈ, ਉਸਦੀ ਜ਼ਿੰਮੇਵਾਰੀ ਵਡੀ ਹੈ। ਉਸਨੇ ਬਾਹਰੋਂ ਕਮਾਂ ਕੇ ਲਿਆਉਣਾ ਹੈ ਤਾਂਕਿ ਉਸ ਦੇ ਪਰਵਾਰ ਦਾ ਸੁਖ ਬਣ ਸਕੇ, ਉਸਨੇ ਹੀ ਬਾਹਰੋਂ ਆਈ ਕਿਸੇ ਮੁਸੀਬਤ ਤੋਂ ਪਰਵਾਰ ਨੂੰ ਬਚਾਉਣਾ ਹੈ; ਉਸਦੇ ਰਹਿਣ-ਬਹਿਣ, ਖਾਣ-ਪੀਣ, ਪਹਿਨਣ-ਪਚਰਣ ਦਾ ਪ੍ਰਬੰਧ ਕਰਨਾ ਹੈ ਪਰ ਉਸ ਦੀ ਸਹੀ ਸੁੱਚਜੀ ਵਰਤੋਂ ਤਾਂ ਹੀ ਹੋਈ ਹੈ ਜੇ ਉਸ ਦੀ ਨਾਰਿ ਨੇ ਘਰ ਨੂੰ ਸੰਭਾਲਣਾ ਹੈ। ਜੇ ਇਹ ਕਿਹਾ ਜਾਏ ਕਿ ਘਰਵਾਲੀ ਤੋਂ ਬਿਨਾ ਘਰ ਬਾਰੇ ਸੋਚਣਾ ਵੀ ਔਖਾ ਹੈ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਜਿਨ੍ਹਾਂ ਘਰਾਂ ਵਿੱਚ ਇਸਤਰੀਆਂ ਨਹੀਂ ਹੁੰਦੀਆ ਕੇਵਲ ਮਰਦ ਹੀ ਹੁੰਦੇ ਹਨ, ਉਹਨਾਂ ਘਰਾਂ ਦੀ ਹਾਲਤ ਕਈ ਵਾਰ ਬੜੀ ਤਰਸਯੋਗ ਹੁੰਦੀ ਹੈ। ਘਰ ਦੀ ਸ਼ਕਲ ਸੂਰਤ ਵੀ ਕਈ ਵਾਰ ਸਾਫ਼-ਸਫ਼ਾਈ ਤੋਂ ਬਿਨਾਂ, ਭੂਤ-ਬੰਗਲੇ ਵਰਗੀ ਹੁੰਦੀ ਹੈ। ਕਿਉਂਕਿ ਕੋਈ ਬੇਗਾਨਾ ਬੰਦਾ ਜੇ ਪੈਸੇ ਲੈ ਕੇ ਵੀ ਕਿਸੇ ਘਰ ਦੀ ਸਾਫ਼-ਸਫ਼ਾਈ, ਰੋਟੀ-ਪਾਣੀ ਦਾ ਕੰਮ ਕਰਦਾ ਹੈ ਤਾਂ ਉਸ ਨੂੰ ਘਰ ਦੀ ਓਨੀ ਪੀੜ ਨਹੀਂ ਹੁੰਦੀ ਜਿੰਨੀ, ਘਰ ਦੀ ਸਵਾਣੀ ਨੂੰ ਹੁੰਦੀ ਹੈ।

ਸੱਚ ਤਾਂ ਇਹ ਹੈ ਕਿ ਕੇਵਲ ਮਨੁੱਖ ਹੀ ਹੈ ਜਿਹੜਾ ਔਰਤ ਦੀ ਸਿਆਣਪ, ਹਲੀਮੀ ਚੰਗੇ ਸੁਭਾਉ ਕਾਰਨ ਘਰ ਦਾ ਸੁੱਖ ਮਾਣਦਾ ਹੈ। ਕਦੀ ਕਿਸੇ ਨੇ ਸ਼ੇਰਾ, ਹਾਥੀਆਂ, ਗਿਦੜਾਂ, ਬਾਂਦਰਾ ਜਾ ਹੋਰ ਪਸ਼ੂਆਂ ਪੰਛੀਆਂ, ਨੂੰ ਘਰ ਬਣਾਕੇ ਰਹਿੰਦੇ ਵੇਖਿਆ ਹੈ। ਬੱਚੇ ਤਾਂ ਸਭ ਦੇ ਹੁੰਦੇ ਹਨ ਪਰ ਬੱਚਿਆਂ ਦੇ ਹੋਣ ਤੋਂ ਬਾਅਦ ਉਹਨਾਂ ਦਾ ਸੰਬੰਧ ਮਾਵਾਂ-ਸ਼ੇਰਨੀਆਂ, ਹਥਨੀਆਂ, ਹਰਨੀਆਂ, ਗਾਂਵਾਂ, ਮੱਝਾ, ਕੁਕੜੀਆਂ ਚਿੜੀਆਂ ਆਦਿ ਨਾਲ ਰਹਿ ਜਾਂਦਾ ਹੈ, ਉਹੀ ਉਹਨਾਂ ਨੂੰ ਖਾਣਾ-ਪੀਣਾ, ਸ਼ਿਕਾਰ ਕਰਨਾ ਆਦਿ ਸਿਖਾਉਂਦੀਆਂ ਹਨ।

ਔਰਤਾਂ ਬੱਚਿਆਂ ਨੂੰ ਘਰ ਦਾ ਅਹਿਸਾਸ ਦੇਂਦੀਆ ਹਨ। ਉਹਨਾਂ ਨੂੰ ਚੰਗੇ ਸਮਝਦਾਰ ਵਿਦਵਾਨ, ਸਮਾਜ ਵਿੱਚ ਇੱਜਤ ਪਾਉਣ ਵਾਲੇ ਮਨੁਖਾਂ ਦੇ ਰੂਪ ਵਿੱਚ ਤਿਆਰ ਕਰਦੀਆਂ ਹਨ, ਪੜ੍ਹਾ ਲਿਖਾ ਕੇ ਚੰਗੀ ਸਿੱਖਿਆ ਦੇ ਕੇ। ਜੇ ਕੋਈ ਬੱਚਾ ਵਿਗੜਦਾ ਹੈ ਤਾਂ ਉਸ ਵਿੱਚ ਮਾਂ ਦਾ ਕਸੂਰ ਸਮਝਿਆਂ ਜਾਂਦਾ ਹੈ।

ਮਾਂ ਜਿਸ ਘਰ ਵਿਚ ਪਰਵਾਰ ਦੀ ਜ਼ੁੰਮੇਵਾਰੀ ਸੰਭਾਲਦੀ ਹੈ, ਉਸ ਪਰਵਾਰ ਦੀ ਧੀ ਨਹੀਂ, ਨੂੰਹ ਹੁੰਦੀ ਹੈ, ਉਹ ਉਸਦਾ ਪੇਕਾ ਪਰਵਾਰ ਨਹੀਂ ਸਹੁਰਾ ਪਰਵਾਰ ਹੁੰਦਾ ਹੈ। ਸੁੱਚਜੇ ਘਰ ਦੀਆ ਕੁੜੀਆਂ ਪੇਕਿਆਂ ਤੋਂ ਸਿੱਖ ਕੇ ਆਏ ਗੁਣਾਂ ਦੇ ਸਿਰ ਤੇ ਮਾਣ ਪਾਉਂਦੀਆਂ ਹਨ।

ਸਤਿਗੁਰੂ ਸੱਚੇ ਪਾਤਸ਼ਾਹ ਨੇ ਬਾਣੀ ਵਿੱਚ ਇਸ ਪ੍ਰਤੀਕ ਨੂੰ ਲਿਆ ਹੈ ਕਿ ਕਿਸੇ ਕੁੜੀ ਨੇ ਪੇਕੇ ਘਰ ਨਹੀਂ ਬੈਠੇ ਰਹਿਣਾ:

*ਸਭ ਨੇ ਸਹੁਰੀ ਵੰਞਨਾ*
*ਸਭ ਮੁਕਲਾਵਣ ਹਾਰ*

ਇਸਤਰੀ ਪੁਰਸ਼ ਦੋਵੇਂ ਹੀ ਇਸ ਸੰਸਾਰ ਵਿੱਚ ਰਹਿੰਦੇ ਹਨ; ਉਹਨਾਂ ਦੀਆ ਆਤਮਾਵਾਂ ਦਾ ਇਹ ਪੇਕਾ ਘਰ ਹੈ; ਪੇਕੇ ਘਰ ਸਦਾ ਬੈਠੇ ਨਹੀਂ ਰਹਿਣਾ; ਆਤਮਾ ਨੇ ਪਰਮਾਤਮਾ ਵਿੱਚ ਲੀਨ ਹੋਣਾ ਹੈ। ਜਿਹੜੇ ਗੁਣ ਇਥੇ ਸਿੱਖੇ ਹਨ, ਗ੍ਰਹਿਣ ਕੀਤੇ ਹਨ ਉਹੀ ਗੁਣ ਕੰਮ ਆਉਣੇ ਹਨ। ਪੇਕੇ ਘਰ ਸਦਾ ਨਹੀਂ ਰਹਿਣਾ ਇਹ ਅਕਾਲ ਪੁਰਖ ਨੇ ਮਨੁਖ ਲਈ ਲਿਖ ਦਿਤਾ ਹੈ। ਜਿਵੇਂ ਚੰਗੀ ਸਾਉ ਸੁਸ਼ੀਲ ਸੁੱਘੜ ਸਿਆਣੀ ਮਿਠ ਬੋਲਣੀ ਔਰਤ ਦੀ ਆਪਣੇ ਪਤੀ ਪਿਆਰੇ ਦੇ ਘਰ ਵਿੱਚ ਕਦਰ ਹੁੰਦੀ ਹੈ, ਉਸੇ ਤਰ੍ਹਾਂ ਹੀ ਪਵਿੱਤਰ ਆਤਮਾਵਾਂ ਦੀ ਅਕਾਲ ਪੁਰਖ ਦੇ ਦਰ ਤੇ ਸੋਭਾ ਹੁੰਦੀ ਹੈ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਇਕ ਸ਼ਬਦ ਵਿੱਚ ਲਿਖਿਆ ਹੈ:

*ਪੇਈਅੜੈ ਦਿਨ ਚਾਰਿ ਹੈ*
*ਹਰਿ ਹਰਿ ਲਿਖਿ ਪਾਇਆ॥*
*ਸੋਭਾਵੰਤੀ ਨਾਰਿ ਹੈ*
*ਗੁਰਮੁਖਿ ਗੁਣ ਗਾਇਆ॥*
*ਪੇਵਕੜੈ ਗੁਣ ਸੰਮਲੇ*
*ਸਾਹੁਰੈ ਵਾਸੁ ਪਾਇਆ॥*
*ਗੁਰਮੁਖਿ ਸਹਜਿ ਸਮਾਣੀਆ*
*ਹਰਿ ਹਰਿ ਮਨਿ ਭਾਇਆ॥*
*ਸਸੁਰੈ ਪੇਈਐ ਪਿਰੁ ਵਸੈ*
*ਕਹੁ ਕਿਤੁ ਬਿਧਿ ਪਾਈਐ॥*
*ਆਪਿ ਨਿਰੰਜਨ ਅਲਖੁ ਹੈ*
*ਆਪੇ ਮੇਲਾਈਐ॥ ਮਹਲਾ 3*

ਔਰਤ ਦਾ ਜੀਵਨ ਸੁਖੀ ਸੁਹੇਲਾ ਤਾਂਹੀ ਹੈ ਜੇ ਉਸ ਦੀ ਆਪਣੇ ਪਤੀ ਨਾਲ ਬਣਦੀ ਹੈ; ਉਹ ਉਸ ਦੀਆਂ ਖ਼ੁਸ਼ੀਆਂ ਵਿੱਚ ਵਾਧਾ ਕਰਦੀ ਹੈ। ਉਸ ਦੇ ਬੋਲਾਂ ਨੂੰ ਹੀ ਨਹੀਂ, ਉਸ ਦੀਆਂ ਭਾਵਨਾਵਾਂ ਤੇ ਸੰਕੇਤਾ ਨੂੰ ਵੀ ਸੱਮਝਦੀ ਹੈ ਜਿਸ ਨਾਲ ਉਹ ਖ਼ੁਸ਼ ਹੋਵੇ ਅਤੇ ਉਸ ਅਨੁਸਾਰ ਆਪਣੇ ਹਾਵ ਭਾਵ ਰੱਖੇ ਤੇ ਅਮਲੀ ਜੀਵਣ ਜੀਵੇ।

ਗੁਣ ਤਾਂ ਹੌਲੀ ਹੌਲੀ ਆਉਂਦੇ ਤੇ ਵਧਦੇ ਹਨ। ਗੁਣ ਸਿੱਖਣ ਲਈ ਕਈ ਵਾਰ ਕਈਆਂ ਦੀ ਮਦਦ ਲੈਣੀ ਪੈਂਦੀ ਹੈ ਪਰ ਜੇ ਚੰਗਾ ਉਸਤਾਦ ਮਿਲ ਜਾਏ, ਚੰਗੀ ਪੜ੍ਹਾਈ ਹੋ, ਜਾਏ ਚੰਗੀ ਸਿਖਲਾਈ ਹੋ ਜਾਏ ਤਾਂ ਗੁਣ ਗ੍ਰਹਿਣ ਕਰਨ ਵਾਲੇ ਦਾ ਹੀ ਲਾਭ ਹੈ। ਚੰਗਾ ਉਸਤਾਦ, ਚੰਗੇ ਭਾਗਾਂ ਨੂੰ ਮਿਲਦਾ ਹੈ ਜੇ ਬਹੁਤ ਚੰਗੇ ਭਾਗ ਹੋਣ ਇਸ ਜੀਵ ਰੂਪੀ ਇਸਤਰੀ ਨੇ ਕੁੱਝ ਖੱਟਣਾ ਕਮਾਉਣਾ ਹੈ:

*ਵਡਭਾਗੀ ਸਤਿਗੁਰੂ ਮਿਲੈ*
*ਮੁਖਿ ਅੰਮ੍ਰਿਤ ਪਾਈਐ। ਮਹਲਾ-3*

ਪਰ ਕੁੱਝ ਐਸੀਆ ਵੀ ਹੁੰਦੀਆ ਹਨ ਜਿਨ੍ਹਾਂ ਨੇ ਆਪਣੇ ਸੁਭਾਉ ਕਰਕੇ ਚੰਗਾ ਕੰਮ ਨਹੀਂ ਕਰਨਾ ਹੁੰਦਾ ਉਹ ਔਰਤਾ ਹੋਣ ਜਾ ਮਨੁੱਖੀ ਆਤਮਾਵਾਂ, ਦੁਵਿਧਾ ਵਿੱਚ ਪਈਆਂ ਰਹਿੰਦੀਆ ਹਨ। ਦੁਖੀ ਹੋਣਾ, ਦੁਖੀ ਕਰਨਾ, ਨਾ ਮਿਠਾ ਬੋਲਣਾ, ਨਾ ਚੰਗਾ ਕੰਮ ਕਰਨਾ, ਨਾ ਕਿਸੇ ਦੀ ਸੋਭਾ ਕਰਨੀ, ਨਾ ਕਿਸੇ ਤੋਂ ਸ਼ਾਬਾਸ਼ ਲੈਣੀ। ਇਹੋ ਜਿਹੀਆ ਅਗਿਆਨ ਅਤੇ ਮੂਰਖ, ਮਨਮੁਖੀ ਸੁਭਾਉ ਵਾਲੀਆ ਹੰਕਾਰ ਦੇ ਕਿੰਗਰੇ ਤੋਂ ਹੇਠਾ ਨਹੀਂ ਉਤਰਦੀਆਂ। ਐਸੀਆਂ ਆਤਮਾਵਾਂ ਸਤਿਗੁਰੂਆਂ ਦੀ ਸੇਵਾ ਨਹੀਂ ਕਰਦੀਆਂ ਫਿਰ ਸਮਾ ਬੀਤ ਜਾਣ ਤੇ ਪਛਤਾਉਂਦੀਆ ਹਨ।

ਇਹ ਫ਼ੈਸਲਾ ਖ਼ੁਦ ਕਰਨਾ ਹੈ ਕਿ ਇਸਤਰੀਆਂ ਨੇ ਜਾ ਜੀਵ ਆਤਮਾਵਾਂ ਨੇ ਕਿ ਉਹਨਾਂ ਨੇ ਸੋਭਾਵੰਤੀ ਨਾਰਿ ਵਾਂਗ ਗੁਣ ਗ੍ਰਹਿਣ ਕਰਕੇ ਮਾਣ-ਸਨਮਾਨ ਪ੍ਰਾਪਤ ਕਰਨਾ ਹੈ ਜਾ ਫਿਰ ਬਿਰਥਾ ਜਨਮ ਗਵਾਉਣਾ ਹੈ।

ਤਾਰਾ ਸਿੰਘ ਅਨਜਾਣ

# ਬੀਬੀਆਂ ਦਾ 33ਵਾਂ ਵਾਰਸ਼ਿਕ ਸੰਮੇਲਨ ਸੰਪੰਨ...(ਬਾਕੀ ਸਫ਼ਾ 1 ਦੀ)




ਇਸਤਰੀ ਵਿਦਿਅਕ ਜਥੇ ਦੀ ਪ੍ਰਧਾਨ ਬੀਬੀ ਸੁਖਜੀਤ ਕੌਰ ਬੀਬੀ ਗੁਰਸ਼ਰਨ ਕੌਰ (ਮਹਿਲ ਸ੍ਰੀ ਸਤਿਗੁਰੂ ਉਦੈ ਸਿੰਘ ਜੀ) ਨੂੰ ਬੈਚ ਲਾਉਂਦੇ ਹੋਏ।

ਇਹੀ ਕਾਰਨ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਪਰਉਪਕਾਰ ਕਾਰਨ ਨਾਮਧਾਰੀਆਂ ਵਿਚ ਲੜਕੇ ਲੜਕੀਆਂ ਦੀ ਗਿਣਤੀ ਦਾ ਅਨੁਪਾਤ ਬਿਲਕੁਲ ਠੀਕ ਹੈ। ਲੜਕੀਆਂ ਨੂੰ ਆਪਣੇ ਪੁਰਾਤਨ ਵਿਰਸੇ ਨਾਲ ਜੋੜ ਕੇ ਹਿੰਦੁਸਤਾਨ ਦੀਆਂ ਪੁਰਾਤਨ ਪ੍ਰੰਪਰਾਵਾਂ ਮੁਤਾਬਿਕ ਗੁਰਸਿੱਖੀ ਅਨੁਸਾਰ ਬੀਬੀਆਂ ਨੂੰ ਜੀਵਨ ਜਾਚ ਸਿਖਾਉਣ ਲਈ ਸੰਮੇਲਨ ਸਹਾਈ ਹੋ ਰਹੇ ਹਨ।

**ਸੰਮੇਲਨ ਦਾ ਆਰੰਭ-**

ਇਸ ਸਾਲ ਬੀਬੀਆਂ ਦਾ ਵਾਰਸ਼ਿਕ ਸੰਮੇਲਨ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ 24 ਤੋਂ 27 ਜੂਨ 2016 ਨੂੰ ਹੋਇਆ। ਇਹ ਬੀਬੀਆਂ ਦਾ 33ਵਾਂ ਵਾਰਸ਼ਿਕ ਸੰਮੇਲਨ ਸੀ ਅਤੇ ਇਹ ਸੰਮੇਲਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਤੇ ਮਾਤਾ ਚੰਦ ਕੌਰ ਜੀ ਦੀ ਯਾਦ ਨੂੰ ਸਮਰਪਿਤ ਸੀ।

23 ਜੂਨ ਸ਼ਾਮ ਤਕ ਵੱਖ ਵੱਖ ਸ਼ਹਿਰਾਂ ਅਤੇ ਹੋਰ ਪਿੰਡਾਂ ਤੋਂ ਬੀਬੀਆਂ ਦੇ ਜਥੇ ਢੋਲਕੀ ਛੈਣਿਆਂ ਨਾਲ ਕੀਰਤਨ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਪਹੁੰਚ ਰਹੇ ਸਨ। ਬੀਬੀਆਂ ਦੇ ਡੇਰਿਆਂ ਦਾ ਪ੍ਰਬੰਧ ਸ੍ਰੀ ਭੈਣੀ ਸਾਹਿਬ ਦਿੱਲੀ ਕਲੋਨੀ ਵਿਚ ਬਣੀਆਂ ਕੋਠੀਆਂ ਵਿਚ ਕੀਤਾ ਗਿਆ ਸੀ। ਜਥਿਆਂ ਦਾ ਡੇਰਾ ਸੂਬਾ ਜਸਬੀਰ ਸਿੰਘ, ਸੂਬਾ ਹਰਜੀਤ ਸਿੰਘ ਅਤੇ ਜਗਬੀਰ ਸਿੰਘ ਅੱਟੀ ਆਪਣੀ ਦੇਖ ਰੇਖ ਹੇਠ ਲਗਵਾ ਰਹੇ ਸਨ। 23 ਜੂਨ ਸ਼ਾਮ ਤਕ 600 ਬੀਬੀਆਂ ਪਹੁੰਚ ਚੁਕੀਆਂ ਸਨ। ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੇ ਪ੍ਰਧਾਨ ਬੀਬੀ ਸੁਖਜੀਤ ਕੌਰ, ਕੁਲਵੰਤ ਕੌਰ ਅਤੇ ਅਮਰਜੀਤ ਕੌਰ ਰਾਤ ਵੇਲੇ ਬੀਬੀਆਂ ਦੇ ਡੇਰਿਆਂ ਦਾ ਪ੍ਰਬੰਧ ਦੇਖਣ ਗਈਆਂ।

**ਆਸਾ ਦੀ ਵਾਰ ਦੀ ਕੀਰਤਨ-**

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਤੰਤੀ ਸਾਜਾਂ ਦੇ ਨਾਲ ਗਾਇਣ ਕੀਤਾ ਗਿਆ। ਬੱਚੀਆਂ ਚਿੱਟੇ ਬਸਤਰ ਪਾ ਕੇ, ਗਲ ਵਿਚ ਮਾਲਾ ਪਾ ਕੇ ਲਾਈਨਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਵਿਚ ਆ ਰਹੀਆਂ ਸਨ। ਆਸਾ ਦੀ ਵਾਰ ਵਿਚ 4.30 ਵਜੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਬੀਬੀਆਂ ਨੇ ਲਾਈਨਾਂ ਵਿਚ ਮੱਥਾ ਟੇਕਿਆ।

**ਵਾਰਸ਼ਿਕ ਸੰਮੇਲਨ ਦਾ ਉਦਘਾਟਨੀ ਸ਼ਬਦ-**

ਵਾਰ ਤੋਂ ਬਾਅਦ ਸੰਮੇਲਨ ਦੇ ਆਰੰਭ ਸਮੇਂ ਬੀਬੀ ਸਮਿੰਦਰ ਕੌਰ ਸ੍ਰੀ ਭੈਣੀ ਸਾਹਿਬ ਦੇ ਜਥੇ ਨੇ ਸ਼ਬਦ-

*ਮੋਕਉ ਤਾਰ ਲੈ ਰਾਮਾ....।।*

ਪੜ੍ਹ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ

**ਸ੍ਰੀ ਸਤਿਗੁਰੂ ਜੀ ਨੂੰ ਬੈਚ ਤੇ ਮੋਮੈਂਟੋ ਭੇਟ-**

ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੇ ਪ੍ਰਧਾਨ ਬੀਬੀ ਸੁਖਜੀਤ ਕੌਰ, ਬੀਬੀ ਕੁਲਵੰਤ ਕੌਰ, ਬੀਬੀ ਨਰਿੰਦਰ ਕੌਰ ਤੇ ਬੀਬੀ ਅਮਰਜੀਤ ਕੌਰ ਨੇ ਸ੍ਰੀ ਸਤਿਗੁਰੂ ਜੀ ਨੂੰ ਸੰਮੇਲਨ ਦਾ ਯਾਦਗਾਰੀ ਚਿੰਨ੍ਹ ਭੇਟ ਕੀਤਾ ਅਤੇ ਬੀਬੀ ਗੁਰਸ਼ਰਨ ਕੌਰ ਨੂੰ ਬੈਚ ਲਾ ਸ੍ਰੀ ਸਤਿਗੁਰੂ ਜੀ ਪਾਸੋਂ ਸੰਮੇਲਨ ਸ਼ੁਰੂ ਕਰਨ ਦੀ ਇਜਾਜ਼ਤ ਲਈ। ਇਸ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਏ ਹੋਏ ਬੱਚਿਆ ਨੂੰ ਅਸ਼ੀਰਵਾਦ ਦਿੱਤਾ ਜਲ ਪਾਣੀ ਛਕਣ ਉਪਰੰਤ 9 ਵਜੇ ਲਿਖਤੀ ਇਤਿਹਾਸਕ ਪ੍ਰਤੀਯੋਗਤਾ ਸ਼ੁਰੂ ਹੋਈ।

**ਲਿਖਤੀ ਇਤਿਹਾਸਕ ਪ੍ਰਤੀਯੋਗਤਾ (ਮਾਤਾ ਜੀਵਨ ਕੌਰ ਜੀ ਬੈਚ)**

**ਪਹਿਲਾ ਸਥਾਨ** : ਕਰਤਾਰ ਕੌਰ ਪੁੱਤਰੀ ਸੰਤ ਕੰਵਲਜੀਤ ਸਿੰਘ, ਜਾਲਖੇੜੀ

**ਦੂਸਰਾ ਸਥਾਨ** : ਕੁਲਜੀਤ ਕੌਰ ਪੁੱਤਰੀ ਸੰਤ ਮੇਜਰ ਸਿੰਘ, ਮਸਤਾਨਗੜ੍ਹ

**ਤੀਸਰਾ ਸਥਾਨ** : ਜੱਸ ਕੌਰ ਪੁੱਤਰੀ ਸੰਤ ਜਰਨੈਲ ਸਿੰਘ ਜਾਲਖੇੜੀ

**ਹੌਸਲਾ ਵਧਾਊ** : ਹਰਪ੍ਰੀਤ ਕੌਰ ਪੁੱਤਰੀ ਸੰਤ ਰਣਧੀਰ ਸਿੰਘ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ

**ਹੌਸਲਾ ਵਧਾਊ** : ਪਰਵਿੰਦਰ ਕੌਰ ਪੁੱਤਰੀ ਸੰਤ ਬੀਰ ਸਿੰਘ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ

**ਲਿਖਤੀ ਇਤਿਹਾਸਕ ਪ੍ਰਤੀਯੋਗਤਾ (ਮਾਤਾ ਭੁਪਿੰਦਰ ਕੌਰ ਜੀ ਬੈਚ)**

**ਪਹਿਲਾ ਸਥਾਨ** : ਰੁਪਿੰਦਰ ਕੌਰ ਪਤਨੀ ਸੰਤ ਸੰਦੀਪ ਸਿੰਘ, ਜਾਲਖੇੜੀ

(ਬਾਕੀ ਸਫ਼ਾ 4 'ਤੇ)

# ਉਪਦੇਸ਼

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣੇ ਨੇ



ਸਾਨੂੰ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕਰਨੀ ਚਾਹੀਦੀ ਹੈ ਕਿ ਸਾਡੇ ਤੇ ਕਿਰਪਾ ਹੋਵੇ ਤੇ ਸਾਨੂੰ ਆਪ ਜੀ ਦੇ ਦਰਸ਼ਨ ਹੋਣ, ਤੇ ਸਾਰੇ ਸੰਸਾਰ ਤੇ ਸ਼ਾਂਤੀ ਹੋਵੇ।

ਮੈਨੂੰ ਇਕ ਗੱਲ ਯਾਦ ਆ ਗਈ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੀਰ ਸ਼ਾਂਤ ਹੋਣ ਤੋਂ ਬਾਦ ਪਹਿਲੀ ਵੇਰ ਮੈਂ ਜਦੋਂ ਸਿਆਮ (ਥਾਈਲੈਂਡ) ਵਿਚ ਗਿਆ, ਸੰਨ 1960-61 ਦੇ ਨੇੜੇ ਦੀ ਗੱਲ ਹੋਵੇਗੀ। ਓਥੇ ਇਕ ਸਾਧੂ ਸੀ। ਉਹਦੀ ਉਸ ਵੇਲੇ 32 ਕੁ ਸਾਲ ਦੀ ਉਮਰ ਸੀ। ਉਸ ਦੇ ਬਿਆਨ ਬਾਰੇ ਬਹੁਤ ਸਾਰੇ ਸਿੱਖਾਂ ਨੇ ਮੈਨੂੰ ਦੱਸਿਆ ਕਿ ਅਖਬਾਰਾਂ ਵਿਚ ਇਕ ਗੱਲ ਆਈ ਹੈ ਕਿ- ਸਾਰੀ ਦੁਨੀਆਂ ਵਿਚ ਅਸ਼ਾਂਤੀ ਫੈਲੇਗੀ ਤੇ ਕੁਦਰਤੀ ਬਿਮਾਰੀਆਂ ਵਧਣਗੀਆਂ। ਸਮੁੰਦਰ ਵਿਚ ਤੂਫ਼ਾਨ ਆਉਣਗੇ। ਐਹੋ ਜਿਹੀਆਂ ਚੀਜ਼ਾਂ ਹੋਣਗੀਆਂ। ਕੁਦਰਤੀ ਆਫਤਾਂ ਆਉਣਗੀਆਂ। ਆਪਸ ਵਿਚ ਲੜਾਈ ਝਗੜੇ ਫਸਾਦ ਹੋਣਗੇ। ਸੋ ਉਹਨਾਂ ਨੇ ਆਖਿਆ ਬੋਧੀਆਂ ਦੇ ਸੰਮਤ 2500 (ਦੋ ਹਜ਼ਾਰ ਪੰਜ ਸੌ) ਤੋਂ ਬਾਦ ਬਰਮਾ ਦੀਆਂ ਪਹਾੜੀਆਂ ਵਿਚੋਂ ਇਕ ਅਵਤਾਰ ਪ੍ਰਗਟ ਹੋਵੇਗਾ। ਉਹਨਾਂ ਦਾ ਸਫੈਦ ਦਾੜ੍ਹਾ, ਸਫੈਦ ਘੋੜਾ ਤੇ ਸਫੈਦ ਬਸਤਰ ਹੋਣਗੇ। ਉਹਨਾਂ ਦੇ ਆਉਣ ਨਾਲ ਕੁਲ ਸੰਸਾਰ ਤੇ ਸ਼ਾਂਤੀ ਹੋਵੇਗੀ। ਸੋ ਇਹ ਉਸਨੇ (ਸਾਧੂ ਨੇ) ਰੇਡੀਓ ਤੇ ਬਿਆਨ ਦਿੱਤਾ ਅਤੇ ਅਖਬਾਰਾਂ ਵਿਚ ਆਇਆ। ਮੈਂ ਉਹਨਾਂ ਨੂੰ ਲਮਪੌਂਗ ਸ਼ਹਿਰ, ਚੰਗਮਈ ਸ਼ਹਿਰ ਦੇ ਕੋਲ, ਜਾ ਕੇ ਮਿਲਿਆ। ਉਹਨਾਂ ਨੇ ਆਖਿਆ ਇਹ ਸਾਡੀਆਂ ਪੁਰਾਣੀਆਂ ਪੁਸਤਕਾਂ ਵਿਚ ਲਿਖਿਆ ਹੈ, ਤਾੜ ਪੱਤਰਾਂ ਤੇ। ਅਸਾਂ ਉਹ ਕੱਢ ਕੇ ਪੁਰਾਣੀਆਂ ਕਿਤਾਬਾਂ ਛਾਪੀਆਂ ਨੇ। ਉਹਨਾਂ ਵਿਚ ਜ਼ਿਕਰ ਆਇਆ ਹੈ। ਅਸੀਂ ਇਸ ਨੂੰ ਸੱਚਾ ਮੰਨਦੇ ਹਾਂ।

**ਕੰਜਲਕ ਨੈਨ ਕੰਬੁ ਗ੍ਰਿਵਹਿ ਕਟਿ ਕੇਹਰ ਕੁੰਜਨ ਗਵਨ।।**
**ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂੱਜੋ ਕਵਨ।।**

ਸਤਿਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਐਸਾ ਕੌਣ ਹੋ ਸਕਦਾ ਹੈ? ਇਸ ਲਈ ਸਤਿਗੁਰਾਂ ਦੇ ਦਰਸ਼ਨਾਂ ਵਾਸਤੇ ਅਰਦਾਸ ਕਰਿਆ ਕਰੋ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੀ ਕਿਰਪਾ ਕੀਤੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਢਾਈ ਲੱਖ ਪਾਠ, ਸਵਾ ਸਵਾ ਲੱਖ ਦੋ ਵੇਰਾਂ ਕਰਵਾਏ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕਰਵਾਏ ਹਨ। ਕੋਈ ਪੁੱਤਰ ਪੋਤਰਿਆਂ ਵਾਸਤੇ ਨਹੀਂ ਕਰਵਾਏ। ਇਹ ਪਾਠ ਜ਼ਮੀਨਾਂ ਖਰੀਦਣ ਵਾਸਤੇ ਨਹੀਂ ਕਰਵਾਏ ਸਿਰਫ ਇਸ ਲਈ ਕਰਵਾਏ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ ਅਤੇ ਸਾਰੇ ਸੰਸਾਰ ਉੱਤੇ ਸ਼ਾਂਤੀ ਹੋਵੇ।

ਇਨ੍ਹਾਂ ਪਾਠਾਂ ਦੀ ਬੜੀ ਮੁਖਾਲਫਤ ਹੋਈ। ਗਿਆਨੀ ਮੇਹਰ ਸਿੰਘ ਹੋਰੀਂ ਜਾਣਦੇ ਨੇ ਕਿ ਪੱਤਰਾ ਪਾਠ ਦੀ ਮੁਖਾਲਫਤ ਇਹ ਆਖ ਕੇ ਕੀਤੀ ਗਈ ਕਿ ਦੇਹ ਦਾ ਅੰਗ ਅੰਗ ਕਰ ਦਿੱਤਾ ਹੈ। ਉਹਨਾਂ ਨੂੰ ਬੜਾ ਸਮਝਾਇਆ ਕਿ ਗੁਟਕੇ, ਪੰਜ ਗ੍ਰੰਥੀਆਂ ਬੜੇ ਛਪੇ ਨੇ, ਓਦੋਂ ਅੰਗ ਅੰਗ ਨਹੀਂ ਹੋਇਆ ਤਾਂ ਹੁਣ ਕਿਵੇਂ ਹੋ ਗਿਆ ? ਨਾਮਧਾਰੀ ਸਿੰਘ ਹਰ ਇਕ ਪੱਤਰੇ ਦਾ ਓਨਾ ਹੀ ਅਦਬ ਕਰਦਾ ਹੈ ਜਿੰਨਾ ਕਿ ਸ੍ਰੀ ਗ੍ਰੰਥ ਸਾਹਿਬ ਦਾ ਅਦਬ ਕਰਦਾ ਹੈ। ਸਾਰੇ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨ ਲਗਦਾ ਹੈ ਤਾਂ ਸਨੇਕੇਸੀਂ ਇਸ਼ਨਾਨ ਕਰਕੇ, ਪਵਿੱਤਰ ਹੋ ਕੇ ਕਰਦਾ ਹੈ। ਜੰਗਲ ਜਾਂਦਾ ਹੈ ਤਾਂ ਬਸਤਰ ਧੋਂਦਾ ਹੈ। ਇਕ ਪੱਤਰੇ ਦਾ ਵੀ ਪਾਠ ਕਰਦਾ ਹੈ ਤਾਂ ਏਸੇ ਮਰਯਾਦਾ ਨਾਲ ਕਰਦਾ ਹੈ ਜਿਥੇ ਮਿਟੀ ਦੇ ਤੇਲ ਦੀਆਂ ਬੱਤੀਆਂ ਜਗਾ ਕੇ, ਬੂਟਾਂ ਵਾਲੇ ਪੈਰਾਂ ਨਾਲ ਜਾ ਕੇ ਪਾਠ ਕਰਨ ਲਗ ਪੈਣ, ਕੀ ਉਹ ਅਦਬ ਹੈ? ਬਾਅਦ ਵਿਚ ਉਹਨਾਂ ਦੱਸਿਆ ਕਿ ਗੱਲ ਅਸਲ ਵਿਚ ਇਹ ਸੀ ਕਿ ਕੂਕਿਆਂ ਨੂੰ ਚਾਰ ਗਾਲ੍ਹਾਂ ਕੱਢਣੀਆਂ ਸਨ। ਹੋਰ ਪਾਠ ਦੀ ਤੇ ਕੋਈ ਗੱਲ ਹੀ ਨਹੀਂ ਸੀ। ਸੋ ਕੋਈ ਗਾਲ੍ਹਾਂ ਕੱਢੇ ਕੁਝ ਕਰੇ -

**ਅਬ ਹਮ ਚਲੀ ਠਾਕੁਰ ਪਹਿ ਹਾਰਿ।।**
**ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ।।**
**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰ ਜਾਰਿ।।**
**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ।।**

ਇਸ ਵਾਸਤੇ ਤਕੜੇ ਹੋਵੋ, ਹਿੰਮਤ ਕਰੋ, ਹਿੰਮਤ ਨ ਹਾਰੋ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣੇ ਨੇ। ਉਹਨਾਂ ਦੇ ਦਰਸ਼ਨਾਂ ਨਮਿਤ ਵੱਧ ਤੋਂ ਵੱਧ ਭਜਨ, ਪਾਠ, ਅਖੰਡ ਪਾਠ, ਤੇ ਵਰਨੀਆਂ, ਹਵਨ ਆਦਿ ਕੀਤੇ ਜਾਣ। ਜਿਹੜੇ ਹਿੰਮਤ ਕਰ ਕੇ ਤੁਰ ਪੈਂਦੇ ਨੇ ਉਹ ਸਫਲਤਾ ਪ੍ਰਾਪਤ ਕਰ ਲੈਂਦੇ ਨੇ। ਤੁਸੀਂ ਵੀ ਹਿੰਮਤ ਕਰ ਕੇ ਨਾਮ ਜਪੋ ਤੇ ਆਪਣਾ ਜਨਮ ਸਫਲ ਕਰੋ :

**ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ।।**
**ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ।।** ❖

# ਬੀਬੀਆਂ ਦਾ 33ਵਾਂ ਵਾਰਸ਼ਿਕ ਸੰਮੇਲਨ ਸੰਪੰਨ...

(ਬਾਕੀ ਸਫਾ 2 ਦੀ)

**ਪਹਿਲਾ ਸਥਾਨ :** ਬਸੰਤ ਕੌਰ ਪੁੱਤਰੀ ਸੰਤ ਬਲਕਾਰ ਸਿੰਘ, ਮਸਤਾਨਗੜ੍ਹ

**ਦੂਸਰਾ ਸਥਾਨ :** ਕਰਮ ਕੌਰ ਪੁੱਤਰੀ ਸੰਤ ਕੋਮਲ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਬਚਨ ਕੌਰ ਪੁੱਤਰੀ ਸੰਤ ਬਲਕਾਰ ਸਿੰਘ, ਮਸਤਾਨਗੜ੍ਹ

**ਹੌਸਲਾ ਵਧਾਊ :** ਅਮਨਪ੍ਰੀਤ ਕੌਰ ਪੁੱਤਰੀ ਸੰਤ ਗੁਰਭੇਜ ਸਿੰਘ, ਜਾਲਖੇੜੀ

### ਅਰਦਾਸ ਪ੍ਰਤੀਯੋਗਤਾ
### (ਬੇਬੇ ਨਾਨਕੀ ਜੀ ਬੈਚ)

**ਪਹਿਲਾ ਸਥਾਨ :** ਹਰਦਿਆਲ ਕੌਰ ਪੁੱਤਰੀ ਸੰਤ ਹਰਦੇਵ ਸਿੰਘ, ਮਸਤਾਨਗੜ੍ਹ

**ਦੂਸਰਾ ਸਥਾਨ :** ਅਮਰ ਕੌਰ ਪੁੱਤਰੀ ਸੰਤ ਅਮਰਜੀਤ ਸਿੰਘ, ਜਲੰਧਰ

**ਤੀਸਰਾ ਸਥਾਨ :** ਹਰ ਕੌਰ ਪੁੱਤਰੀ ਸੰਤ ਹਰਪ੍ਰੀਤ ਸਿੰਘ, ਲੁਧਿਆਣਾ

**ਹੌਸਲਾ ਵਧਾਊ :** ਸੰਤ ਕੌਰ ਪੁੱਤਰੀ ਸੰਤ ਸੰਦੀਪ ਸਿੰਘ, ਰਾਮਪੁਰਾ ਫੂਲ

**ਹੌਸਲਾ ਵਧਾਊ :** ਸਾਵਨ ਕੌਰ ਪੁੱਤਰੀ ਸੰਤ ਜਸਕਰਨ ਸਿੰਘ, ਫਗਵਾੜਾ

**ਹੌਸਲਾ ਵਧਾਊ :** ਕਿਰਨਦੀਪ ਕੌਰ ਪੁੱਤਰੀ ਸੰਤ ਖਜਾਨ ਸਿੰਘ, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ

### ਕੀਰਤਨ ਸੋਹਿਲਾ ਪ੍ਰਤੀਯੋਗਤਾ
### (ਮਾਤਾ ਗੁਜਰੀ ਜੀ ਬੈਚ)

**ਪਹਿਲਾ ਸਥਾਨ :** ਜਸ਼ਨਪ੍ਰੀਤ ਕੌਰ ਪੁੱਤਰੀ ਸੰਤ ਸ਼ਮਸ਼ੇਰ ਸਿੰਘ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ

**ਦੂਸਰਾ ਸਥਾਨ :** ਅਮਰ ਕੌਰ ਪੁੱਤਰੀ ਸੰਤ ਅੰਮ੍ਰਿਤਪਾਲ ਸਿੰਘ, ਜਲੰਧਰ

**ਤੀਸਰਾ ਸਥਾਨ :** ਬਸੰਤ ਕੌਰ ਪੁੱਤਰੀ ਸੰਤ ਬਲਕਾਰ ਸਿੰਘ ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਹੇਮ ਕੌਰ ਪੁੱਤਰੀ ਸੰਤ ਹਰਦੇਵ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਦਿਲਪ੍ਰੀਤ ਕੌਰ ਪੁੱਤਰੀ ਸੰਤ ਗੁਰਦੀਪ ਸਿੰਘ, ਮੁਠੱਡਾਕਲਾਂ

**ਹੌਸਲਾ ਵਧਾਊ :** ਅਰਜਨ ਕੌਰ ਪੁੱਤਰੀ ਸੂਬਾ ਅਰਵਿੰਦ ਸਿੰਘ, ਦਿੱਲੀ

### ਚਿੱਤਰਕਾਰੀ ਪ੍ਰਤੀਯੋਗਤਾ
### (ਬੇਬੇ ਨਾਨਕੀ ਜੀ ਬੈਚ)

***ਇਸ ਦੇ ਜੱਜ ਸਨ ਕੁਲਦੀਪ ਸਿੰਘ ਨੀਲੋਂ (ਅੰਮ੍ਰਿਤਸਰ)***

**ਪਹਿਲਾ ਸਥਾਨ :** ਪ੍ਰਕਾਸ਼ ਕੌਰ ਪੁੱਤਰੀ ਡਾ. ਪੁਸ਼ਪਿੰਦਰ ਸਿੰਘ, ਚੰਡੀਗੜ੍ਹ

**ਦੂਸਰਾ ਸਥਾਨ :** ਹਰ ਕੌਰ ਪੁੱਤਰੀ ਸੰਤ ਹਰਪ੍ਰੀਤ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਸੰਤ ਕੌਰ ਪੁੱਤਰੀ ਸੰਤ ਸਤਿੰਦਰ ਸਿੰਘ, ਲੁਧਿਆਣਾ

**ਹੌਸਲਾ ਵਧਾਊ :** ਹਰਪਾਲ ਕੌਰ ਪੁੱਤਰੀ ਸੰਤ ਹਰਵਿੰਦਰ ਸਿੰਘ ਮੋਰੋਂ

**ਹੌਸਲਾ ਵਧਾਊ :** ਸੰਤ ਕੌਰ ਪੁੱਤਰੀ ਸੰਤ ਸਵਿੰਦਰ ਸਿੰਘ, ਜਲੰਧਰ

### ਚਿੱਤਰਕਾਰੀ ਪ੍ਰਤੀਯੋਗਤਾ
### (ਮਾਤਾ ਗੁਜਰੀ ਜੀ ਬੈਚ)

**ਪਹਿਲਾ ਸਥਾਨ :** ਰੀਗਾ ਕੌਰ ਪੁੱਤਰੀ ਸੰਤ ਗੁਰਦੀਪ ਸਿੰਘ, ਯਮੁਨਾ ਨਗਰ

**ਦੂਸਰਾ ਸਥਾਨ :** ਸੁਰਿੰਦਰ ਕੌਰ ਪੁੱਤਰੀ ਸੰਤ ਸਰਬਦੀਪ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਅਰਜਨ ਕੌਰ ਪੁੱਤਰੀ ਸੂਬਾ ਅਰਵਿੰਦ ਸਿੰਘ, ਦਿੱਲੀ

**ਹੌਸਲਾ ਵਧਾਊ :** ਜੈ ਕੌਰ ਪੁੱਤਰੀ ਸੰਤ ਜਸਵਿੰਦਰ ਸਿੰਘ, ਦਿੱਲੀ

**ਹੌਸਲਾ ਵਧਾਊ :** ਗੁਰਬਖਸ਼ ਕੌਰ ਪੁੱਤਰੀ ਸੰਤ ਗੁਰਚਰਨ ਸਿੰਘ, ਲੁਧਿਆਣਾ

### ਚਿੱਤਰਕਾਰੀ ਪ੍ਰਤੀਯੋਗਤਾ
### (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਰੀਗਾ ਕੌਰ ਪੁੱਤਰੀ ਸੰਤ ਗੁਰਚਰਨ ਸਿੰਘ, ਲੁਧਿਆਣਾ

**ਦੂਸਰਾ ਸਥਾਨ :** ਬਸੰਤ ਕੌਰ ਪੁੱਤਰੀ ਸੰਤ ਬਲਬੀਰ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਤਰਲੋਕ ਕੌਰ ਪੁੱਤਰੀ ਸੰਤ ਟੇਕ ਸਿੰਘ, ਲੁਧਿਆਣਾ

**ਹੌਸਲਾ ਵਧਾਊ :** ਆਸ ਕੌਰ ਪੁੱਤਰੀ ਸੰਤ ਅਵਨਿੰਦਰ ਸਿੰਘ, ਮੰਡੀ

**ਹੌਸਲਾ ਵਧਾਊ :** ਗੁਰਦੇਵ ਕੌਰ ਪੁੱਤਰੀ ਸੰਤ ਗੁਰਪ੍ਰੀਤ ਸਿੰਘ, ਲੁਧਿਆਣਾ

### ਦਿਵਾਨ ਪ੍ਰਤੀਯੋਗਤਾ
### (ਮਾਤਾ ਭੁਪਿੰਦਰ ਕੌਰ ਜੀ ਬੈਚ)

***ਇਸ ਦੇ ਜੱਜ ਸਾਹਿਬਾਨ ਸਨ ਸੰਤ ਸੁਰਿੰਦਰ ਸਿੰਘ***

**ਪਹਿਲਾ ਸਥਾਨ :** ਨਵਨੀਤ ਕੌਰ ਪੁੱਤਰੀ ਸੰਤ ਬਲਵਿੰਦਰ ਸਿੰਘ, ਲੁਧਿਆਣੇ ਦਾ ਜਥਾ

**ਦੂਸਰਾ ਸਥਾਨ :** ਨਵਰੀਤ ਕੌਰ ਪੁੱਤਰੀ ਸੰਤ ਅਮਰੀਕ ਸਿੰਘ, ਸਾਹਿਬਪੁਰਾ ਦਿੱਲੀ ਦਾ ਜਥਾ

**ਤੀਸਰਾ ਸਥਾਨ :** ਤਜਿੰਦਰ ਕੌਰ ਪੁੱਤਰੀ ਸੰਤ ਤਰਲੋਚਨ ਸਿੰਘ, ਫਗਵਾੜੇ ਦਾ ਜਥਾ

### 50 ਮੀਟਰ ਦੌੜ ਪ੍ਰਤੀਯੋਗਤਾ
### (ਬੇਬੇ ਨਾਨਕੀ ਜੀ ਬੈਚ)

**ਪਹਿਲਾ ਸਥਾਨ :** ਰਤਨ ਕੌਰ ਪੁੱਤਰੀ ਸੰਤ ਰਘਬੀਰ ਸਿੰਘ, ਯਮੁਨਾ ਨਗਰ

**ਦੂਸਰਾ ਸਥਾਨ :** ਸੁਖਰਾਜ ਕੌਰ ਪੁੱਤਰੀ ਸੰਤ ਗੁਰਮੇਲ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਆਸ ਕੌਰ ਪੁੱਤਰੀ ਸੰਤ ਅਮਰਜੀਤ ਸਿੰਘ, ਜਲੰਧਰ

### ਤਿੰਨ ਟੰਗੀ ਦੌੜ ਪ੍ਰਤੀਯੋਗਤਾ
### (ਮਾਤਾ ਗੁਜਰੀ ਜੀ ਬੈਚ)

**ਪਹਿਲਾ ਸਥਾਨ :** ਖੁਸ਼ਪ੍ਰੀਤ ਕੌਰ



**ਬੱਚਿਆਂ ਦੀ ਹੌਸਲਾ ਅਫਜਾਈ (ਜੱਜਮੈਂਟ) ਕਰਦੇ ਸੂਬਾ ਸੁਰਿੰਦਰ ਕੌਰ ਖਰਲ, ਸ. ਸਵਰਨ ਸਿੰਘ ਵਿਰਕ ਆਦਿ।**

ਪੁੱਤਰੀ ਸੰਤ ਜਗਦੀਪ ਸਿੰਘ, ਅੰਮ੍ਰਿਤਸਰ

ਜੈਸਮੀਤ ਕੌਰ ਪੁੱਤਰੀ ਸੰਤ ਰੁਪਿੰਦਰ ਸਿੰਘ, ਅੰਮ੍ਰਿਤਸਰ

**ਦੂਸਰਾ ਸਥਾਨ :** ਬਲਜੀਤ ਕੌਰ ਪੁੱਤਰੀ ਸੰਤ ਬਲਵਿੰਦਰ ਸਿੰਘ, ਸੰਤ ਨਗਰ

ਖੁਸ਼ਵਿੰਦਰ ਕੌਰ ਪੁੱਤਰੀ ਸੰਤ ਮਾਨ ਸਿੰਘ, ਸੰਤ ਨਗਰ

**ਤੀਸਰਾ ਸਥਾਨ :** ਬਸੰਤ ਕੌਰ ਪੁੱਤਰੀ ਸੰਤ ਬਖਸ਼ੀਸ਼ ਸਿੰਘ, ਸ੍ਰੀ ਭੈਣੀ ਸਾਹਿਬ

ਪ੍ਰਕਾਸ਼ ਕੌਰ ਪੁੱਤਰੀ ਸੰਤ ਪਲਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

### ਬੋਰੀ ਰੇਸ ਪ੍ਰਤੀਯੋਗਤਾ
### (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਪ੍ਰਦੀਪ ਕੌਰ ਪੁੱਤਰੀ ਸੰਤ ਕੁਲਦੀਪ ਸਿੰਘ, ਡੇਰਾ ਬਾਬਾ ਨਾਨਕ

**ਦੂਸਰਾ ਸਥਾਨ :** ਹਰਮਨਪ੍ਰੀਤ ਕੌਰ, ਸੰਤ ਗੁਰਵਿੰਦਰ ਸਿੰਘ, ਮਿਰਜਾਪੁਰ

**ਤੀਸਰਾ ਸਥਾਨ :** ਹਰਮਨ ਕੌਰ ਪੁੱਤਰੀ ਸੰਤ ਰਜਿੰਦਰ ਸਿੰਘ ਲੁਧਿਆਣਾ

### ਰਸਤਾ ਰੋਕੂ ਪ੍ਰਤੀਯੋਗਤਾ
### (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਹਰਮਨਪ੍ਰੀਤ ਕੌਰ ਪੁੱਤਰੀ ਸੰਤ ਗੁਰਵਿੰਦਰ ਸਿੰਘ, ਮਿਰਜਾਪੁਰ

**ਦੂਸਰਾ ਸਥਾਨ :** ਹਰਜੀਤ ਕੌਰ ਪੁੱਤਰੀ ਸੰਤ ਬਲਵਿੰਦਰ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਗਿਆਨ ਕੌਰ ਪੁੱਤਰੀ ਸੰਤ ਕੁਲਦੀਪ ਸਿੰਘ, ਸ੍ਰੀ ਭੈਣੀ ਸਾਹਿਬ

### ਡੱਡੂ ਦੌੜ ਪ੍ਰਤੀਯੋਗਤਾ
### (ਮਾਤਾ ਗੁਜਰੀ ਜੀ ਬੈਚ)

**ਪਹਿਲਾ ਸਥਾਨ :** ਹਰਮਨਪ੍ਰੀਤ ਕੌਰ ਪੁੱਤਰੀ ਸੰਤ ਸ਼ਮਸ਼ੇਰ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਜੈਸਮੀਨ ਕੌਰ ਪੁੱਤਰੀ ਸੰਤ ਰੁਪਿੰਦਰ ਸਿੰਘ, ਅੰਮ੍ਰਿਤਸਰ

**ਤੀਸਰਾ ਸਥਾਨ :** ਤਰਨ ਕੌਰ ਪੁੱਤਰੀ ਸੰਤ ਤਲਵਿੰਦਰ ਸਿੰਘ, ਡੇਰਾ ਬਾਬਾ ਨਾਨਕ

ਬੀਬੀਆਂ ਨੂੰ ਸ਼ੁੱਧ ਗੁਰਬਾਣੀ ਪਾਠ ਸਿਖਲਾਈ ਮਾਸਟਰ ਦਰਸ਼ਨ ਸਿੰਘ ਨੇ ਦਿੱਤੀ।

### ਸੰਮੇਲਨ ਦਾ ਦੂਸਰਾ ਦਿਨ
### 25 ਜੂਨ 2016

ਆਸਾ ਦੀ ਵਾਰ ਵਿਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਸਾਰੀਆਂ ਬੀਬੀਆਂ ਨੇ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਅਤੇ ਲਾਈਨਾਂ ਵਿਚ ਬੈਠੀਆਂ ਬੀਬੀਆਂ ਸਤਿਜੁਗੀ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸੰਤ ਸਵਰਨ ਸਿੰਘ ਵਿਰਕ ਨੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰਸ਼ਾਦਾ ਛਕਣ ਉਪਰੰਤ 9 ਵਜੇ ਭਾਸ਼ਣ ਪ੍ਰਤੀਯੋਗਤਾ ਸ਼ੁਰੂ ਹੋਈ। ਇਸ ਵਿਚ 38 ਬੱਚਿਆਂ ਨੇ ਹਿੱਸਾ ਲਿਆ। ਇਸ ਦੇ ਜੱਜ ਸਵਰਨ ਸਿੰਘ ਵਿਰਕ ਅਤੇ ਸੂਬਾ ਸੁਰਿੰਦਰ ਕੌਰ ਖਰਲ ਸਨ।

### ਭਾਸ਼ਣ ਪ੍ਰਤੀਯੋਗਤਾ
### (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਆਸ ਕੌਰ ਪੁੱਤਰੀ ਸੰਤ ਅਮਰ ਸਿੰਘ, ਸਿਰਸਾ

**ਦੂਸਰਾ ਸਥਾਨ :** ਤਰਲੋਕ ਕੌਰ

(ਬਾਕੀ ਸਫਾ 5 'ਤੇ)



**ਦੌੜ ਪ੍ਰਤੀਯੋਗਤਾ ਵਿਚ ਹਿੱਸਾ ਲੈਂਦੀਆਂ ਬੱਚੀਆਂ।**

# ਬੀਬੀਆਂ ਦਾ 33ਵਾਂ ਵਾਰਸ਼ਿਕ ਸੰਮੇਲਨ ਸੰਪੰਨ

...(ਬਾਕੀ ਸਫਾ 4 ਦੀ)



**ਸੂਬਾ ਹਰਜੀਤ ਸਿੰਘ ਬੱਚੀ ਅਸੀਸ ਕੌਰ ਤੋਂ ਗੁਰਬਾਣੀ ਸੁਣਦੇ ਹੋਏ।**

ਪੁੱਤਰੀ ਸੰਤ ਟੇਕ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਸੁਖਮਨਜੀਤ ਕੌਰ ਪੁੱਤਰੀ ਸੰਤ ਹਰਵਿੰਦਰ ਸਿੰਘ, ਅੰਮ੍ਰਿਤਸਰ

**ਹੌਸਲਾ ਵਧਾਊ :** ਕਰਤਾਰ ਕੌਰ ਪੁੱਤਰੀ ਸੰਤ ਕੰਵਲਜੀਤ ਸਿੰਘ, ਜਾਲਖੇੜੀ

**ਹੌਸਲਾ ਵਧਾਊ :** ਗੁਰਦੇਵ ਕੌਰ ਪੁੱਤਰੀ ਸੰਤ ਗੁਰਮੁਖ ਸਿੰਘ, ਸ੍ਰੀ ਭੈਣੀ ਸਾਹਿਬ

ਨਾਮ ਸਿਮਰਨ ਪ੍ਰਤੀਯੋਗਤਾ ਵਿਚ 360 ਬੱਚਿਆਂ ਨੇ ਹਿੱਸਾ ਲਿਆ। ਇਸ ਦੇ ਜੱਜ ਸੂਬਾ ਜਸਬੀਰ ਸਿੰਘ, ਸੂਬਾ ਹਰਜੀਤ ਸਿੰਘ, ਜਥੇਦਾਰ ਜਸਬੀਰ ਸਿੰਘ ਅਤੇ ਬੀਬੀ ਨਰਿੰਦਰ ਕੌਰ ਅਤੇ ਬੀਬੀ ਸੁਖਜੀਤ ਕੌਰ ਸਨ।

### ਨਾਮ ਸਿਮਰਨ ਪ੍ਰਤੀਯੋਗਤਾ (ਬੇਬੇ ਨਾਨਕੀ ਜੀ ਬੈਚ)

**ਪਹਿਲਾ ਸਥਾਨ :** ਭਗਵਾਨ ਕੌਰ ਪੁੱਤਰੀ ਸੰਤ ਭਗਵੰਤ ਸਿੰਘ, ਲੁਧਿਆਣਾ

**ਦੂਸਰਾ ਸਥਾਨ :** ਬੇਅੰਤ ਕੌਰ ਪੁੱਤਰੀ ਸੰਤ ਬੂਟਾ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਪ੍ਰਕਾਸ਼ ਕੌਰ ਪੁੱਤਰੀ ਡਾ. ਪੁਸ਼ਪਿੰਦਰ ਸਿੰਘ ਚੰਡੀਗੜ੍ਹ

**ਹੌਸਲਾ ਵਧਾਊ :** ਰਜਿੰਦਰ ਕੌਰ ਪੁੱਤਰੀ ਸੰਤ ਜਸਪਾਲ ਸਿੰਘ, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ

**ਹੌਸਲਾ ਵਧਾਊ :** ਕਮਲਜੀਤ ਕੌਰ ਪੁੱਤਰੀ ਸੰਤ ਜਸਵੰਤ ਸਿੰਘ, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ

**ਹੌਸਲਾ ਵਧਾਊ :** ਮਾਨ ਕੌਰ ਪੁੱਤਰੀ ਸੰਤ ਮਲਕੀਤ ਸਿੰਘ, ਸ੍ਰੀ ਭੈਣੀ ਸਾਹਿਬ

### ਨਾਮ ਸਿਮਰਨ ਪ੍ਰਤੀਯੋਗਤਾ (ਮਾਤਾ ਗੁਜਰੀ ਜੀ ਬੈਚ)

**ਪਹਿਲਾ ਸਥਾਨ :** ਅਰਜਨ ਕੌਰ ਪੁੱਤਰੀ ਸੂਬਾ ਅਰਵਿੰਦ ਸਿੰਘ, ਦਿੱਲੀ

**ਦੂਸਰਾ ਸਥਾਨ :** ਜਸਵੀਰ ਕੌਰ ਪੁੱਤਰੀ ਸੰਤ ਸਤਨਾਮ ਸਿੰਘ, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ

**ਤੀਸਰਾ ਸਥਾਨ :** ਜੈ ਕੌਰ ਪੁੱਤਰੀ ਸੰਤ ਜਸਵਿੰਦਰ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਤਰਨ ਕੌਰ ਪੁੱਤਰੀ ਸੰਤ ਤਲਵਿੰਦਰ ਸਿੰਘ, ਡੇਰਾ ਬਾਬਾ ਨਾਨਕ

### ਨਾਮ ਸਿਮਰਨ ਪ੍ਰਤੀਯੋਗਤਾ (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਮੁਸਕਾਨ ਕੌਰ ਪੁੱਤਰੀ ਸੰਤ ਜਗਤਾਰ ਸਿੰਘ, ਡੇਰਾ ਬਾਬਾ ਨਾਨਕ

**ਦੂਸਰਾ ਸਥਾਨ :** ਅਰਸ਼ਪ੍ਰੀਤ ਕੌਰ ਪੁੱਤਰੀ ਸੰਤ ਸਵਰਨ ਸਿੰਘ, ਅੰਮ੍ਰਿਤਸਰ

**ਤੀਸਰਾ ਸਥਾਨ :** ਖੁਸ਼ਵੀਰ ਕੌਰ ਪੁੱਤਰੀ ਸੰਤ ਜਸਵਿੰਦਰ ਸਿੰਘ, ਰਾਮਪੁਰਾ ਫੂਲ

**ਹੌਸਲਾ ਵਧਾਊ :** ਅਮਨਦੀਪ ਕੌਰ ਪੁੱਤਰੀ ਸੰਤ ਬਲਕਾਰ ਸਿੰਘ, ਲੁਧਿਆਣਾ

**ਹੌਸਲਾ ਵਧਾਊ :** ਰਮਨਦੀਪ ਕੌਰ ਪੁੱਤਰੀ ਸੰਤ ਅਵਤਾਰ ਸਿੰਘ, ਸ੍ਰੀ ਭੈਣੀ ਸਾਹਿਬ

**ਸ਼ੁੱਧ ਗੁਰਬਾਣੀ ਪ੍ਰਤੀਯੋਗਤਾ ਮਾਤਾ ਭੁਪਿੰਦਰ ਕੌਰ ਬੈਚ ਦੇ ਜੱਜ ਸਨ ਸੰਤ ਬਚਿੱਤਰ ਸਿੰਘ ਜੀ।**

### ਸ਼ੁੱਧ ਗੁਰਬਾਣੀ ਪ੍ਰਤੀਯੋਗਤਾ (ਮਾਤਾ ਭੁਪਿੰਦਰ ਕੌਰ ਜੀ ਬੈਚ)

**ਪਹਿਲਾ ਸਥਾਨ :** ਬਲਜੀਤ ਕੌਰ ਪੁੱਤਰੀ ਸੰਤ ਮੇਜਰ ਸਿੰਘ, ਮਸਤਾਨਗੜ੍ਹ

**ਦੂਸਰਾ ਸਥਾਨ :** ਹਰਮਨ ਕੌਰ ਪੁੱਤਰੀ ਸੰਤ ਹਰਦੇਵ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਬਚਨ ਕੌਰ ਪੁੱਤਰੀ ਸੰਤ ਬਲਕਾਰ ਸਿੰਘ, ਮਸਤਾਨਗੜ੍ਹ

**ਹੌਸਲਾ ਵਧਾਊ :** ਅਮਨਪ੍ਰੀਤ ਕੌਰ ਪਤਨੀ ਸੰਤ ਗੁਰਤੇਜ ਸਿੰਘ, ਜਾਲਖੇੜੀ

### ਸਵਾਲ ਜਵਾਬ ਪ੍ਰਤੀਯੋਗਤਾ (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਜੱਸ ਕੌਰ ਪੁੱਤਰੀ ਸੰਤ ਜਰਨੈਲ ਸਿੰਘ, ਜਾਲਖੇੜੀ

ਕਰਤਾਰ ਕੌਰ ਪੁੱਤਰੀ ਸੰਤ ਕੰਵਲਜੀਤ ਸਿੰਘ, ਜਾਲਖੇੜੀ

**ਦੂਸਰਾ ਸਥਾਨ :** ਦਲਜੀਤ ਕੌਰ ਪੁੱਤਰੀ ਸੰਤ ਦਇਆ ਸਿੰਘ, ਸ੍ਰੀ ਭੈਣੀ ਸਾਹਿਬ

ਦਲਜੀਤ ਕੌਰ ਪੁੱਤਰੀ ਸੰਤ ਘੁੱਲਾ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਦਲਜੀਤ ਕੌਰ ਪੁੱਤਰੀ ਸੰਤ ਮੇਜਰ ਸਿੰਘ, ਮਸਤਾਨਗੜ੍ਹ

ਕੁਲਜੀਤ ਕੌਰ ਪੁੱਤਰੀ ਸੰਤ ਮੇਜਰ ਸਿੰਘ, ਮਸਤਾਨਗੜ੍ਹ

### ਸਵਾਲ ਜਵਾਬ ਪ੍ਰਤੀਯੋਗਤਾ (ਮਾਤਾ ਭੁਪਿੰਦਰ ਕੌਰ ਜੀ ਬੈਚ)

**ਪਹਿਲਾ ਸਥਾਨ :** ਰੁਪਿੰਦਰ ਕੌਰ ਪਤਨੀ ਸੰਤ ਸੰਦੀਪ ਸਿੰਘ, ਜਾਲਖੇੜੀ

ਅਮਨਪ੍ਰੀਤ ਕੌਰ ਪਤਨੀ ਸੰਤ ਗੁਰਤੇਜ ਸਿੰਘ, ਜਾਲਖੇੜੀ

**ਦੂਸਰਾ ਸਥਾਨ :** ਕਰਮ ਕੌਰ ਪੁੱਤਰੀ ਸੰਤ ਕੋਮਲ ਸਿੰਘ, ਲੁਧਿਆਣਾ

ਭਾਗੋ ਕੌਰ ਪੁੱਤਰੀ ਸੰਤ ਭਗਵੰਤ ਸਿੰਘ, ਲੁਧਿਆਣਾ

**ਤੀਸਰਾ ਸਥਾਨ :** ਬਸੰਤ ਕੌਰ ਪੁੱਤਰੀ ਸੰਤ ਬਲਕਾਰ ਸਿੰਘ ਮਸਤਾਨਗੜ੍ਹ

ਬਚਨ ਕੌਰ ਪੁੱਤਰੀ ਸੰਤ ਬਲਕਾਰ ਸਿੰਘ, ਮਸਤਾਨਗੜ੍ਹ

### ਸਲੋਕ ਮਹੱਲਾ ਨੌਵਾਂ ਪ੍ਰਤੀਯੋਗਤਾ (ਮਾਤਾ ਜੀਵਨ ਕੌਰ ਜੀ ਬੈਚ)

***(ਜੱਜ ਸਾਹਿਬਾਨ : ਜਥੇਦਾਰ ਜਸਬੀਰ ਸਿੰਘ)***

**ਪਹਿਲਾ ਸਥਾਨ :** ਬਲਜੀਤ ਕੌਰ ਪੁੱਤਰੀ ਸੰਤ ਮੇਜਰ ਸਿੰਘ, ਮਸਤਾਨਗੜ੍ਹ

ਦਲਜੀਤ ਕੌਰ ਪੁੱਤਰੀ ਸੰਤ, ਮੇਜਰ ਸਿੰਘ ਮਸਤਾਨਗੜ੍ਹ

**ਦੂਸਰਾ ਸਥਾਨ :** ਬਸੰਤ ਕੌਰ ਪੁੱਤਰੀ ਸੰਤ ਬਲਕਾਰ ਸਿੰਘ, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ

ਬਚਨ ਕੌਰ ਪੁੱਤਰੀ ਸੰਤ ਬਲਕਾਰ ਸਿੰਘ, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ

**ਤੀਸਰਾ ਸਥਾਨ :** ਨਵਰਾਜ ਕੌਰ ਪੁੱਤਰੀ ਸੰਤ ਨਿਸ਼ਾਨ ਸਿੰਘ, ਸ੍ਰੀ ਭੈਣੀ ਸਾਹਿਬ

ਸਿਮਰਨ ਕੌਰ ਪੁੱਤਰੀ ਸੰਤ ਸਤਨਾਮ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ

**ਹੌਸਲਾ ਵਧਾਊ :** ਸਰਨਜੀਤ ਕੌਰ ਪੁੱਤਰੀ ਸੰਤ ਸੁਬੇਗ ਸਿੰਘ, ਸ੍ਰੀ ਭੈਣੀ ਸਾਹਿਬ

ਸੰਦੀਪ ਕੌਰ ਪੁੱਤਰੀ ਸੰਤ ਸੁਬੇਗ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਅਮਨਦੀਪ ਕੌਰ ਪੁੱਤਰੀ ਸੰਤ ਜਸਪਾਲ ਸਿੰਘ, ਲੁਧਿਆਣਾ

ਨਿਹਾਲ ਕੌਰ ਪੁੱਤਰੀ ਸੰਤ ਜਗਮੋਹਨ ਸਿੰਘ, ਗਾਜੀਆਬਾਦ

### ਗਾਇਨ ਪ੍ਰਤੀਯੋਗਤਾ (ਮਾਤਾ ਗੁਜਰੀ ਜੀ ਬੈਚ)

**ਪਹਿਲਾ ਸਥਾਨ :** ਆਸ ਕੌਰ ਪੁੱਤਰੀ ਸੰਤ ਅਵਤਾਰ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਗੁਰਦੇਵ ਕੌਰ ਪੁੱਤਰੀ ਸੰਤ ਗੁਰਦੀਪ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਅਨਮੋਲ ਪ੍ਰੀਤ ਕੌਰ ਪੁੱਤਰੀ ਸੰਤ ਰਜਿੰਦਰ ਸਿੰਘ, ਜਲੰਧਰ

**ਹੌਸਲਾ ਵਧਾਊ :** ਜਸਵੰਤ ਕੌਰ ਪੁੱਤਰੀ ਸੰਤ ਜਗਦੀਪ ਸਿੰਘ, ਲੁਧਿਆਣਾ

ਰਾਜਵਿੰਦਰ ਕੌਰ ਪੁੱਤਰੀ ਸੰਤ ਕੁਲਵੰਤ ਸਿੰਘ, ਤਰਨਤਾਰਨ

### ਗਾਇਨ ਪ੍ਰਤੀਯੋਗਤਾ (ਮਾਤਾ ਜੀਵਨ ਕੌਰ ਜੀ ਬੈਚ)

***(ਜੱਜ ਸੰਤ ਕਰਮ ਸਿੰਘ)***

**ਪਹਿਲਾ ਸਥਾਨ :** ਮੁਖਤਿਆਰ ਕੌਰ ਪੁੱਤਰੀ ਸੰਤ ਰਾਗੀ ਮੋਹਨ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਜਸਪ੍ਰੀਤ ਕੌਰ ਪੁੱਤਰੀ ਸੰਤ ਜਗੀਰ ਸਿੰਘ, ਮਸਤਾਨਗੜ੍ਹ

**ਤੀਸਰਾ ਸਥਾਨ :** ਗੁਰਸ਼ਰਨ ਕੌਰ ਪੁੱਤਰੀ ਸੰਤ ਗੁਰਦੀਪ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਕੁਲਜੀਤ ਕੌਰ ਪੁੱਤਰੀ ਸੰਤ ਮੇਜਰ ਸਿੰਘ, ਮਸਤਾਨਗੜ੍ਹ

ਗੁਰਦੇਵ ਕੌਰ ਪੁੱਤਰੀ ਸੰਤ ਗੁਰਮੇਲ ਸਿੰਘ, ਜਲੰਧਰ

### ਤਬਲਾ ਪ੍ਰਤੀਯੋਗਤਾ (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਪ੍ਰਭਜੋਤ ਕੌਰ ਪੁੱਤਰੀ ਸੰਤ ਭੁਪਿੰਦਰ ਸਿੰਘ, ਜਲੰਧਰ

**ਦੂਸਰਾ ਸਥਾਨ :** ਹਰ ਕੌਰ ਪੁੱਤਰੀ ਸੰਤ ਹਰਜੀਤ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਸਿਮਰਨ ਕੌਰ ਪੁੱਤਰੀ ਸੰਤ ਸਵਰਨ ਸਿੰਘ, ਸ੍ਰੀ ਭੈਣੀ ਸਾਹਿਬ

### ਢੋਲਕੀ ਪ੍ਰਤੀਯੋਗਤਾ (ਮਾਤਾ ਗੁਜਰੀ ਜੀ ਬੈਚ)

**ਪਹਿਲਾ ਸਥਾਨ :** ਰਜਵੰਤ ਕੌਰ ਪੁੱਤਰੀ ਸੰਤ ਸ੍ਰੀ ਭੈਣੀ ਸਾਹਿਬ

### ਢੋਲਕੀ ਪ੍ਰਤੀਯੋਗਤਾ (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਜੈ ਕੌਰ ਪੁੱਤਰੀ ਸੰਤ ਜਗਦੀਪ ਸਿੰਘ, ਲੁਧਿਆਣਾ

**ਦੂਸਰਾ ਸਥਾਨ :** ਮਨਪ੍ਰੀਤ ਕੌਰ ਪੁੱਤਰੀ ਸੰਤ ਸੁਰਿੰਦਰਪਾਲ ਸਿੰਘ, ਸਾਹਿਬਪੁਰਾ, ਦਿੱਲੀ

**ਤੀਸਰਾ ਸਥਾਨ :** ਤ੍ਰਿਪਤ ਕੌਰ ਪੁੱਤਰੀ ਸੰਤ ਤੇਜਾ ਸਿੰਘ, ਲੁਧਿਆਣਾ

### ਵਿਦਿਅਕ ਸੰਮੇਲਨ ਦਾ ਤੀਸਰਾ ਦਿਨ 26 ਜੂਨ 2016

ਸਵੇਰੇ ਆਸਾ ਦੀ ਵਾਰ ਦਾ ਕੀਰਤਨ 4 ਵਜੇ ਆਰੰਭ ਹੋਇਆ। 4.30 ਵਜੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਪ੍ਰਤਾਪ ਮੰਦਰ ਵਿਚ ਦਰਸ਼ਨ ਦਿੱਤੇ। ਬੱਚਿਆਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। 6 ਵਜੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਹੋਈ। ਪ੍ਰਸ਼ਾਦਾ ਛਕਣ ਉਪਰੰਤ 18 ਸਾਲ ਤੋਂ ਉਪਰ ਵਾਲਿਆਂ ਦੀ ਭਾਸ਼ਣ ਪ੍ਰਤੀਯੋਗਤਾ ਸੀ। ਇਸ ਤੋਂ ਬਾਅਦ ਦੁਪਹਿਰ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਵਿਚੋਂ ਆਏ ਡਾਕਟਰ ਸਾਹਿਬਾਨ ਨੇ ਸਿਹਤ ਸੰਬੰਧੀ ਜਾਣਕਾਰੀ ਦਿੱਤੀ। ਦੁਪਹਿਰ ਦੇ ਕੀਰਤਨ ਉਪਰੰਤ 4.30 ਵਜੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ

**(ਬਾਕੀ ਸਫਾ 6 'ਤੇ)**



**ਸੰਤ ਨਿਸ਼ਾਨ ਸਿੰਘ ਕਥਾਵਾਚਕ ਬੀਬੀਆਂ ਕੋਲੋਂ ਨੌਵੇਂ ਮਹੱਲੇ ਦੇ ਸਲੋਕ ਸੁਣਦੇ ਹੋਏ।**

# ਬੀਬੀਆਂ ਦਾ 33ਵਾਂ ਵਾਰਸ਼ਿਕ ਸੰਮੇਲਨ ਸੰਪੰਨ

...(ਬਾਕੀ ਸਫਾ 5 ਦੀ)

ਦੁਆਰਾ ਬੱਚਿਆਂ ਨੂੰ ਇਨਾਮ ਦਿੱਤੇ ਅਤੇ ਬਾਅਦ ਵਿਚ ਬੀਬੀ ਗੁਰਸ਼ਰਨ ਕੌਰ ਜੀ ਨੇ ਵੀ ਬੱਚਿਆਂ ਨੂੰ ਇਨਾਮ ਵੰਡੇ ਅਤੇ ਇਸ ਤੋਂ ਬਾਅਦ ਇੰਟੀਰੀਅਰ ਡੈਕੋਰੇਸ਼ਨ ਵਾਲਿਆਂ ਨੇ ਬੀਬੀਆਂ ਨੂੰ ਘਰ ਸਜਾਉਣ ਸੰਬੰਧੀ ਜਾਣਕਾਰੀ ਦਿੱਤੀ।

***ਭਾਸ਼ਣ ਪ੍ਰਤੀਯੋਗਤਾ ਵਿਚ 32 ਬੱਚਿਆਂ ਨੇ ਹਿਸਾ ਲਿਆ। ਇਸ ਦੇ ਜੱਜ ਸਾਹਿਬਾਨ ਸੰਤ ਸਵਰਨ ਸਿੰਘ ਵਿਰਕ ਅਤੇ ਸੂਬਾ ਸੁਰਿੰਦਰ ਕੌਰ ਖਰਲ ਸਨ।***

### ਭਾਸ਼ਣ ਪ੍ਰਤੀਯੋਗਤਾ
### (ਮਾਤਾ ਭੁਪਿੰਦਰ ਕੌਰ ਜੀ ਬੈਚ)

**ਪਹਿਲਾ ਸਥਾਨ :** ਨਿਰਮਲ ਕੌਰ ਪੁੱਤਰੀ ਸੰਤ ਜਸਬੀਰ ਸਿੰਘ, ਸਿਰਸਾ

**ਦੂਸਰਾ ਸਥਾਨ :** ਭਾਗੋ ਕੌਰ ਪੁੱਤਰੀ ਸੰਤ ਭਗਵੰਤ ਸਿੰਘ ਲੁਧਿਆਣਾ

**ਤੀਸਰਾ ਸਥਾਨ :** ਆਤਮਾ ਕੌਰ ਪੁੱਤਰੀ ਸੂਬਾ ਅਰਵਿੰਦ ਸਿੰਘ, ਦਿੱਲੀ

**ਹੌਸਲਾ ਵਧਾਊ :** ਸਤਿੰਦਰ ਕੌਰ ਪੁੱਤਰੀ ਸੰਤ ਮੱਖਣ ਸਿੰਘ, ਫਗਵਾੜਾ

ਹਰਨਾਮ ਕੌਰ ਪੁੱਤਰੀ ਸੰਤ ਹਰਦੀਪ ਸਿੰਘ, ਲੁਧਿਆਣਾ

### ਦਿਵਾਨ ਪ੍ਰਤੀਯੋਗਤਾ
### (ਮਾਤਾ ਜੀਵਨ ਕੌਰ ਜੀ ਬੈਚ)

***ਇਸ ਦੇ ਜੱਜ ਸਾਹਿਬਾਨ ਸੂਬਾ ਸੁਰਿੰਦਰ ਸਿੰਘ ਅਤੇ ਜਥੇਦਾਰ ਸੁਰਜੀਤ ਸਿੰਘ ਸਨ।***

**ਪਹਿਲਾ ਸਥਾਨ:** ਸ਼ਰਨ ਕੌਰ ਪੁੱਤਰੀ ਸੰਤ ਸੁਬੇਗ ਸਿੰਘ, ਰਾਈਆਂ ਦਾ ਜਥਾ

**ਦੂਸਰਾ ਸਥਾਨ:** ਸੰਦੀਪ ਕੌਰ ਪੁੱਤਰੀ ਸੰਤ ਸੁਬੇਗ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ:** ਜੈ ਕੌਰ ਪੁੱਤਰੀ ਸੰਤ ਜਗਬੀਰ ਸਿੰਘ ਮੁਠੱਡਾਕਲਾਂ

### ਜਪੁਜੀ ਸਾਹਿਬ ਕੰਠ ਪ੍ਰਤੀਯੋਗਤਾ
### (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਕੁਲਜੀਤ ਕੌਰ ਪੁੱਤਰੀ ਸੰਤ ਮੇਜਰ ਸਿੰਘ, ਮਸਤਾਨਗੜ੍ਹ

**ਦੂਸਰਾ ਸਥਾਨ :** ਕਮਲਜੀਤ ਕੌਰ ਪੁੱਤਰੀ ਸੰਤ ਕੁਲਵੰਤ ਸਿੰਘ ਤਰਨਤਾਰਨ

**ਤੀਸਰਾ ਸਥਾਨ :** ਸਿਮਰਨਜੀਤ ਕੌਰ ਪੁੱਤਰੀ ਸੰਤ ਸਤਨਾਮ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਨਵਦੀਪ ਕੌਰ ਪੁੱਤਰੀ ਸੰਤ ਅਵਤਾਰ ਸਿੰਘ, ਸ੍ਰੀ ਭੈਣੀ ਸਾਹਿਬ

ਜੈ ਕੌਰ ਪੁੱਤਰੀ ਸੰਤ ਜਸਵਿੰਦਰ ਸਿੰਘ, ਜਲੰਧਰ

ਸੰਦੀਪ ਕੌਰ ਪੁੱਤਰੀ ਸੰਤ ਕੁਲਦੀਪ ਸਿੰਘ, ਸ੍ਰੀ ਭੈਣੀ ਸਾਹਿਬ

### ਤੰਤੀ ਸਾਜ ਪ੍ਰਤੀਯੋਗਤਾ
### (ਮਾਤਾ ਗੁਜਰੀ ਜੀ ਬੈਚ)

**ਪਹਿਲਾ ਸਥਾਨ :** ਰਣਜੀਤ ਕੌਰ ਪੁੱਤਰੀ ..............., ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਖੁਸ਼ਪ੍ਰੀਤ ਕੌਰ .............. ਸ੍ਰੀ ਭੈਣੀ ਸਾਹਿਬ

### ਸਿਲਾਈ ਕਟਾਈ ਪ੍ਰਤੀਯੋਗਤਾ
### (ਮਾਤਾ ਭੁਪਿੰਦਰ ਕੌਰ ਜੀ ਬੈਚ)

**ਪਹਿਲਾ ਸਥਾਨ :** ਸੁਖਵੰਤ ਕੌਰ ਪਤਨੀ ਸੰਤ ਹਰਪ੍ਰੀਤ ਸਿੰਘ, ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਗੁਰਪ੍ਰੀਤ ਕੌਰ ਪੁੱਤਰੀ ਸੰਤ ਕੁਲਦੀਪ ਸਿੰਘ, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਪਲਵਿੰਦਰ ਕੌਰ ਪੁੱਤਰੀ ਸੰਤ ਕੁਲਵੰਤ ਸਿੰਘ, ਡੇਰਾ ਬਾਬਾ ਨਾਨਕ

**ਹੌਸਲਾ ਵਧਾਊ :** ਰਜਵੰਤ ਕੌਰ ਪਤਨੀ ਸੰਤ ਮਹਿੰਦਰ ਸਿੰਘ

### ਤੰਤੀ ਸਾਜ ਪ੍ਰਤੀਯੋਗਤਾ
### (ਮਾਤਾ ਜੀਵਨ ਕੌਰ ਜੀ ਬੈਚ)

**ਪਹਿਲਾ ਸਥਾਨ :** ਪ੍ਰਭਜੋਤ ਕੌਰ ਪੁੱਤਰੀ ਸੰਤ .......... ਸ੍ਰੀ ਭੈਣੀ ਸਾਹਿਬ

**ਦੂਸਰਾ ਸਥਾਨ :** ਪਲਵੀ ਕੌਰ ..........



**ਭਾਸ਼ਣ ਪ੍ਰਤੀਯੋਗਤਾ ਵਿਚ ਬੱਚੀਆਂ ਦੀ ਹੌਸਲਾ ਅਫਜਾਈ ਕਰਦੇ ਬੀਬੀ ਗੁਰਸ਼ਰਨ ਕੌਰ, ਸਾਹਿਬਜ਼ਾਦੀ ਉਜਲ ਕੌਰ ਅਤੇ ਹੋਰ ਬੀਬੀਆਂ।**

**ਤੀਸਰਾ ਸਥਾਨ :** ਕਮਲਜੀਤ ਕੌਰ ਪੁੱਤਰੀ ਸੰਤ ਕੁਲਵੰਤ ਸਿੰਘ, ਤਰਨਤਾਰਨ

**ਹੌਸਲਾ ਵਧਾਊ :** ਰਜਨੀ ਕੌਰ ਪੁੱਤਰੀ ਸੰਤ ........., ਸ੍ਰੀ ਭੈਣੀ ਸਾਹਿਬ

ਰਤਨ ਕੌਰ ਪੁੱਤਰੀ ....... ਸੰਤ ਸ੍ਰੀ ਭੈਣੀ ਸਾਹਿਬ

### ਤਬਲਾ ਪ੍ਰਤੀਯੋਗਤਾ
### (ਮਾਤਾ ਭੁਪਿੰਦਰ ਕੌਰ ਜੀ ਬੈਚ)

***(ਜੱਜ ਸਾਹਿਬਾਨ : ਸੰਤ ਗਿਆਨ ਸਿੰਘ)***

**ਪਹਿਲਾ ਸਥਾਨ :** ਨਰਿੰਦਰ ਕੌਰ ਪਤਨੀ ਸੰਤ .......... ਚੰਡੀਗੜ੍ਹ

### ਗਾਇਨ ਪ੍ਰਤੀਯੋਗਤਾ

**ਪਹਿਲਾ ਸਥਾਨ :** ਗੁਰਦੇਵ ਕੌਰ ਪੁੱਤਰੀ ਸੰਤ ਗੁਰਭਗਤ ਸਿੰਘ ਜਲੰਧਰ

**ਦੂਸਰਾ ਸਥਾਨ :** ਜਸਬੀਰ ਕੌਰ ਪੁੱਤਰੀ ਸੰਤ ਕੁਲਵੰਤ ਸਿੰਘ ਤਰਨਤਾਰਨ

**ਤੀਸਰਾ ਸਥਾਨ :** ਸੰਤ ਕੌਰ ਪੁੱਤਰੀ ਸੰਤ ਸਾਹਿਬ ਸਿੰਘ, ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਗਿਆਨ ਕੌਰ ਪੁੱਤਰੀ ਸੰਤ ..........., ਫਗਵਾੜਾ

ਸੰਤ ਕੌਰ ਪੁੱਤਰੀ ਸੰਤ ਸੁਦਰਸ਼ਨ ਸਿੰਘ, ਲੁਧਿਆਣਾ

### ਗਾਇਨ ਪ੍ਰਤੀਯੋਗਤਾ
### (ਮਾਤਾ ਭੁਪਿੰਦਰ ਕੌਰ ਜੀ ਬੈਚ)

**ਪਹਿਲਾ ਸਥਾਨ :** ਨਵਨੀਤ ਕੌਰ ਪੁੱਤਰੀ ਸੰਤ ਮੰਗਲ ਸਿੰਘ, ਸਾਹਿਬਪੁਰਾ, ਦਿੱਲੀ

**ਦੂਸਰਾ ਸਥਾਨ :** ਹਰਜਸ ਕੌਰ ਪੁੱਤਰੀ ਸੰਤ ਸੰਤੋਖ ਸਿੰਘ, ਚੰਡੀਗੜ੍ਹ

**ਤੀਸਰਾ ਸਥਾਨ :** ਸੁਰਿੰਦਰ ਕੌਰ ਪੁੱਤਰੀ ਸੰਤ ਸਤਨਾਮ ਸਿੰਘ, ਲੁਧਿਆਣਾ

### ਤੰਤੀ ਸਾਜ ਪ੍ਰਤੀਯੋਗਤਾ
### (ਮਾਤਾ ਭੁਪਿੰਦਰ ਕੌਰ ਜੀ ਬੈਚ)

**ਪਹਿਲਾ ਸਥਾਨ :** ਦਲਜੀਤ ਕੌਰ ਪੁੱਤਰੀ ਸੰਤ ਮੇਜਰ ਸਿੰਘ, ਮਸਤਾਨਗੜ੍ਹ

**ਦੂਸਰਾ ਸਥਾਨ :** ਬਚਨ ਕੌਰ ਪੁੱਤਰੀ ਸੰਤ ਬਲਕਾਰ ਸਿੰਘ ਮਸਤਾਨਗੜ੍ਹ

**ਤੀਸਰਾ ਸਥਾਨ :** ਜਸਪ੍ਰੀਤ ਕੌਰ ਪੁੱਤਰੀ ਸੰਤ , ਸ੍ਰੀ ਭੈਣੀ ਸਾਹਿਬ

**ਹੌਸਲਾ ਵਧਾਊ :** ਸੰਦੀਪ ਕੌਰ ਪੁੱਤਰੀ ਸੰਤ ..... ਸ੍ਰੀ ਭੈਣੀ ਸਾਹਿਬ

### ਢੋਲਕੀ ਪ੍ਰਤੀਯੋਗਤਾ
### (ਮਾਤਾ ਭੁਪਿੰਦਰ ਕੌਰ ਜੀ ਬੈਚ)

**ਪਹਿਲਾ ਸਥਾਨ :** ਨਵਰੀਤ ਕੌਰ

(ਬਾਕੀ ਸਫਾ 7 ’ਤੇ)



**ਨਾਮ ਸਿਮਰਨ ਦੀ ਅਰਦਾਸ ਕਰਦੀਆਂ ਬੱਚੀਆਂ।**



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਦਿਵਾਨ ਲਾਉਂਦੀਆਂ ਬੀਬੀਆਂ।

# ਬੀਬੀਆਂ ਦਾ 33ਵਾਂ ਵਾਰਸ਼ਿਕ ਸੰਮੇਲਨ ਸੰਪੰਨ

...(ਬਾਕੀ ਸਫਾ 6 ਦੀ)

ਪੁੱਤਰੀ ਸੰਤ ਅਮਰੀਕ ਸਿੰਘ, ਸਾਹਿਬਪੁਰਾ, ਦਿੱਲੀ

**ਦੂਸਰਾ ਸਥਾਨ :** ਗੁਰਪ੍ਰੀਤ ਕੌਰ ਪੁੱਤਰੀ ਸੰਤ ........, ਸ੍ਰੀ ਭੈਣੀ ਸਾਹਿਬ

**ਤੀਸਰਾ ਸਥਾਨ :** ਰਾਜਵੀਰ ਕੌਰ ਪੁੱਤਰੀ ਸੰਤ ਰਾਜਿੰਦਰ ਸਿੰਘ, ਚੰਡੀਗੜ੍ਹ

**ਹੌਸਲਾ ਵਧਾਊ :** ਗੁਰਜੀਤ ਕੌਰ ਪਤਨੀ ਸੰਤ ਸੂਬਾ ਗੁਰਮੀਤ ਸਿੰਘ, ਮੰਡੀ

### ਮਿਊਜ਼ੀਕਲ ਚੇਅਰ ਪ੍ਰਤੀਯੋਗਤਾ (ਮਾਤਾ ਭੁਪਿੰਦਰ ਕੌਰ ਜੀ ਬੈਚ)

**ਪਹਿਲਾ ਸਥਾਨ :** ਰਾਜਵੀਰ ਕੌਰ ਪੁੱਤਰੀ ਸੰਤ ਬਲਵਿੰਦਰ ਸਿੰਘ, ਚੰਡੀਗੜ੍ਹ

**ਦੂਸਰਾ ਸਥਾਨ :** ਹਰਪ੍ਰੀਤ ਕੌਰ ਪੁੱਤਰੀ ਸੰਤ ਬਲਵਿੰਦਰ ਸਿੰਘ, ਅੰਮ੍ਰਿਤਸਰ

**ਤੀਸਰਾ ਸਥਾਨ :** ਪੁਸ਼ਪਿੰਦਰ ਕੌਰ ਪੁੱਤਰੀ ਡਾ. ਲਖਵੀਰ ਸਿੰਘ, ਰਾਮਪੁਰਾ ਫੂਲ

**ਹੌਸਲਾ ਵਧਾਊ :** ਜਸ ਕੌਰ ਪੁੱਤਰੀ ਸੰਤ ਜਸਬੀਰ ਸਿੰਘ, ਲੁਧਿਆਣਾ

### ਮਿਊਜ਼ੀਕਲ ਚੇਅਰ (30 ਸਾਲ ਤੋਂ ਉਪਰ)

**ਪਹਿਲਾ ਸਥਾਨ :** ਡਾ. ਕਮਲਦੀਪ ਕੌਰ ਪਤਨੀ ਡਾ. ਪੁਸ਼ਪਿੰਦਰ ਸਿੰਘ, ਚੰਡੀਗੜ੍ਹ

**ਦੂਸਰਾ ਸਥਾਨ :** ਮਨਪ੍ਰੀਤ ਕੌਰ ਪਤਨੀ ਸੰਤ ਸੁਲਖਣ ਸਿੰਘ, ਅੰਮ੍ਰਿਤਸਰ

**ਤੀਸਰਾ ਸਥਾਨ :** ਲਖਵਿੰਦਰ ਕੌਰ ਪਤਨੀ ਸੰਤ ਹਰਪ੍ਰੀਤ ਸਿੰਘ, ਲੁਧਿਆਣਾ

**ਹੌਸਲਾ ਵਧਾਊ :** ਚਰਨਜੀਤ ਕੌਰ ਪਤਨੀ ਸੰਤ ਕੁਲਦੀਪ ਸਿੰਘ, ਕਰੀਵਾਲਾ

### ਸੰਮੇਲਨ ਦਾ ਆਖਰੀ ਦਿਨ 27-6-2016

ਆਸਾ ਦੀ ਵਾਰ ਉਪਰੰਤ ਕੁਝ ਪ੍ਰਤੀਯੋਗਤਾਵਾਂ ਦੇ ਇਨਾਮ ਰਹਿ ਗਏ ਸਨ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਟਰਾਫੀਆਂ ਦਿੱਤੀਆਂ। ਸਾਰੇ ਬੱਚੇ ਖੁਸ਼ ਨਜ਼ਰ ਆ ਰਹੇ ਸਨ। ਇਸ ਤਰ੍ਹਾਂ ਬਹੁਤ ਸਾਰੇ ਨੌਜਵਾਨ ਅਤੇ ਬੀਬੀਆਂ ਜਿਨ੍ਹਾਂ ਨੇ ਇਸ ਸੰਮੇਲਨ ਵਿਚ ਸਹਿਯੋਗ ਦਿੱਤਾ ਉਹਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਸਨਮਾਨਿਤ ਕੀਤਾ। ਉਹਨਾਂ ਦੇ ਨਾਂ ਇਸ ਪ੍ਰਕਾਰ ਹਨ : ਸੂਬਾ ਸੁਰਿੰਦਰ ਕੌਰ ਖਰਲ, ਸ਼ਮੀ, ਬਲਵੰਤ ਸਿੰਘ ਵੀ. ਡੀ. ਓ., ਸੰਤ ਕੁਦਲੀਪ ਸਿੰਘ ਨੀਲੋਂ, ਸੂਬਾ ਹਰਜੀਤ ਸਿੰਘ ਮੁਠੱਡਾ, ਸੂਬਾ ਜਸਬੀਰ ਸਿੰਘ ਪੱਦੀ ਖਾਲਸਾ, ਸੰਤ ਜਗਬੀਰ ਸਿੰਘ ਅੱਟੀ, ਬੀਬੀ ਸੋਮਾ, ਰਾਜ ਕੌਰ, ਬਿੰਦਰ ਕੌਰ, ਸੁਰਿੰਦਰ ਸਿੰਘ ਐਮ. ਪੀ., ਸੰਤ ਬਚਿੱਤਰ ਸਿੰਘ ਬੀੜ, ਸੂਰਤਪਾਲ ਸਿੰਘ ਫੋਟੋਗ੍ਰਾਫਰ, ਸੰਤ ਕਰਮ ਸਿੰਘ, ਸੰਤ ਪਿਆਰਾ ਸਿੰਘ ਲਾਡੀ।

**ਸੂਬਾ ਬੀਬੀ ਹੁਕਮੀ ਕੌਰ ਜੀ ਸਰਵੋਤਮ ਜਥਾ ਪੁਰਸਕਾਰ :**

ਜਲੰਧਰ ਦਾ ਜਥਾ, ਬੀਬੀ ਸੁਖਵਿੰਦਰ ਕੌਰ ਅਤੇ ਬੀਬੀ ਹਰਜੀਤ ਕੌਰ ਨੇ ਆਪਣੀਆਂ ਸਾਥਣਾਂ ਨਾਲ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਸਨਮਾਨ ਚਿੰਨ੍ਹ ਪ੍ਰਾਪਤ ਕੀਤਾ।

**ਮਾਤਾ ਜੀਵਨ ਕੌਰ ਜੀ ਅਨੁਸ਼ਾਸ਼ਤ ਜਥਾ :**

ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਦੀਆਂ ਬੀਬੀਆਂ ਨੇ ਪ੍ਰਾਪਤ ਕੀਤਾ।

**ਮਾਤਾ ਚੰਦ ਕੌਰ ਜੀ ਸਰਵੋਤਮ ਮੈਂਬਰ :**

ਆਤਮਾ ਕੌਰ ਪੁੱਤਰੀ ਸੂਬਾ ਅਰਵਿੰਦ ਸਿੰਘ, ਦਿੱਲੀ ਨੇ ਸ੍ਰੀ ਸਤਿਗੁਰੂ ਜੀ ਪਾਸੋਂ ਪ੍ਰਾਪਤ ਕੀਤਾ।

ਬੱਚੇ ਸਤਿਗੁਰੂ ਜੀ ਤੋਂ ਇਨਾਮ ਪ੍ਰਾਪਤ ਕਰਦੇ ਖੁਸ਼ ਨਜ਼ਰ ਆ ਰਹੇ ਸਨ। ਸੰਮੇਲਨ ਦੀ ਸਮਾਪਤੀ ਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਪਾਵਨ ਪਵਿੱਤਰ ਉਪਦੇਸ਼ ਦਿੰਦੇ ਹੋਏ ਫੁਰਮਾਇਆ ਕਿ

**"ਬੱਚੇ ਆਪਣੇ ਘਰਾਂ ਵਿਚ ਜਾ ਕੇ ਵੀ ਗੁਰਸਿੱਖੀ ਧਾਰਨ ਕਰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਇਕ ਇਕ ਘੰਟਾ ਨਾਮ ਸਿਮਰਨ ਹਰ ਜੀਅ ਪ੍ਰਤੀ ਆਪਣੇ ਨਿਤ ਕਰਮ ਦਾ ਹਿੱਸਾ ਬਨਾਉਣ।"**

ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਸੰਮੇਲਨ ਨਿਰਵਿਘਨ ਸਮਾਪਤ ਹੋਇਆ।

*ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ*



ਬੋਰੀ ਦੌੜ ਪ੍ਰਤੀਯੋਗਤਾ ਵਿਚ ਬੱਚੀਆਂ ਹਿੱਸਾ ਲੈਂਦੀਆਂ ਹੋਈਆਂ।

# ਸੋਹਣਿਆਂ ਦੇ ਸੋਹਣੇ

**ਰਣਜੀਤ ਕੌਰ ਜੀਤ**

*ਸੋਹਣਿਆਂ ਦੇ ਸੋਹਣੇ ਸਤਿਗੁਰੂ ਰਾਮ ਸਿੰਘ ਜੀਓ ਤੜਫ਼ਦੀਆਂ ਰੂਹਾਂ ਨੂੰ ਦੀਦਾਰ ਦੇ ਜਾ ਆਣ ਕੇ।*
*ਮਨਾਣ ਤੇ ਰੀਝਾਣ ਵਾਲਾ ਸਾਨੂੰ ਕੋਈ ਢੰਗ ਵੀ ਨਾ ਰਹਿਮ ਕਰ ਸਾਈਆਂ ਅਨਜਾਣ ਬੱਚੇ ਜਾਣ ਕੇ।*

*ਸਦੀਆਂ ਨੇ ਬੀਤ ਗਈਆਂ ਵੇਖਿਆ ਨਹੀਂ ਮੁਖ ਤੇਰਾ ਦੇ ਗਿਆ ਦਿਲਾਸਾ ਸੀ ਤੂੰ ਮੁੜ ਛੇਤੀਂ ਆਣ ਦਾ।*
*ਪਰਤਿਆ ਨਾ ਮੁੜ ਪਿਛ੍ਹਾਂ ਵੇਖਿਆ ਨਾ ਇਕ ਵਾਰੀ ਭੁਲ ਗਿਆ ਚੇਤਾ ਤੈਨੂੰ ਵਾਇਦੇ ਨਿਭਾਣ ਦਾ।*
*ਸਾਨੂੰ ਕਰ ਕੇ ਸੌਦਾਈ ਨਾ ਤੂੰ ਬਣ ਹਰਜਾਈ ਹਿਜਰਾਂ ਦੇ ਫੱਟਾਂ ਤੇ ਮਰ੍ਹਮ ਲਾ ਆਣ ਕੇ, ਸੋਹਣਿਆਂ...।*

*ਰੱਖਿਆ ਏ ਹਰੀ ਸਿੰਘ ਹਰਾ ਬੂਟਾ ਸਿੱਖੀ ਵਾਲਾ ਨੈਣਾਂ ਦੇ ਸਾਗਰ ਭਾਵੇਂ ਰੋ ਰੋ ਲਏ ਗਾਲ ਵੇ।*
*ਵੱਡ ਪ੍ਰਤਾਪੀ ਵੀ ਉਡੀਕ ਦਿਆਂ ਟੁਰ ਗਏ ਨੇ ਬ੍ਰਿਹਾਂ ਦੇ ਮਾਰਿਆਂ ਦਾ ਤੱਕ ਆ ਕੇ ਹਾਲ ਵੇ।*
*ਕਾਹਦੀਆਂ ਸਜਾਵਾਂ ਹੋ ਗਏ ਜ਼ੁਰਮ ਕਿਹੜੇ ਚੁਪ ਵੱਟ ਬਹਿ ਗਿਆ ਕੋਈ ਗੱਲ ਕਰ ਆਣ ਕੇ। ਸੋਹਣਿਆਂ....*

*ਸੁਣ ਕਮਲੀ ਦੇ ਸਾਂਈਆਂ ਤੇਰੀ ਜੀਤ, ਦੇ ਦੁਹਾਈਆਂ ਮੱਛੀ ਵਾਂਗ ਤੜਫਾਇਆ ਕਿਥੇ ਜਾ ਕੇ ਡੇਰਾ ਲਾ ਲਿਆ।*
*ਮਿਹਣੇ ਮਾਰੇ ਜੱਗ ਸਾਰਾ ਕਿਥੇ ਚੀਨੀ ਅਸਵਾਰਾ ਝੂਠਾ ਦੇ ਗਿਆ ਜੋ ਲਾਰਾ ਜਾ ਕੇ ਉਸ ਨੂੰ ਬੁਲਾ ਲਿਆ।*
*ਹੋ ਕੇ ਚੀਨੀ ਅਸਵਾਰ ਆ ਜਾ ਸੁਣ ਲੈ ਪੁਕਾਰ ਲੱਭਿਆ ਏ ਤੈਨੂੰ ਕਈ ਜਨਮਾਂ ਨੂੰ ਛਾਣ ਕੇ, ਸੋਹਣਿਆਂ....*

*ਸੋਹਣਿਆਂ ਦੇ ਸੋਹਣੇ ਸਤਿਗੁਰੂ ਰਾਮ ਸਿੰਘ ਜੀਓ ਤੜਫ਼ਦੀਆਂ ਰੂਹਾਂ ਨੂੰ ਦੀਦਾਰ ਦੇ ਜਾ ਆਣ ਕੇ।*

